Estd. 2000

ਮਈ/ May 2023
ਸਾਲ/ Year 08
ਅੰਕ/ Edition 02
ਕੁੱਲ ਸਫੇ/ Total Page 20

Anual Subcription: 500/-

Regd Office:
1195, Ajit Nagar Moga
Pin: 142 001 (Punjab) INDIA

International

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ

# ਮਹਿਕ ਵਤਨ ਦੀ

'Mehak Watan Di Live' ● ਲਾਈਵ

ਮੁੱਖ ਸੰਪਾਦਕ: ਭਵਨਦੀਪ ਸਿੰਘ ਪੁਰਬਾ * ਉੱਪ ਮੁੱਖ ਸੰਪਾਦਕ (ਆਨਰੇਰੀ): ਭਾਗਵੰਤੀ ਪੁਰਬਾ

Regd No. PUNPN 04016 * Helpline: 9988-92-9988 E-mail: mehakwattandi@rediffmail.com www.mehakwatandilive.com

**facebook**

www.facebook/mehakwatandilive

ਮਹਿਕ ਵਤਨ ਦੀ ਲਾਈਵ ਦੀਆਂ ਖ਼ਬਰਾਂ ਅਤੇ ਲੇਖਾਂ ਬਾਰੇ ਆਪਣੇ ਵਿਚਾਰ ਸਾਂਝੇ ਕਰਨ ਲਈ ਸਾਡੇ ਫੇਸਬੁੱਕ ਪੇਜ ਉੱਤੇ ਵੀ ਲਾਗਇਨ ਕਰ ਸਕਦੇ ਹੋ।

ਦੇਸ਼, ਵਿਦੇਸ਼ ਅਤੇ ਪੰਜਾਬ ਦੀਆਂ ਤਾਜ਼ੀਆਂ ਖ਼ਬਰਾਂ ਆਨਲਾਈਨ ਪੜ੍ਹਨ ਲਈ ਕਲਿੱਕ ਕਰੋ

www.mehakwatandilive.com

## ਅੰਦਰ ਪੜ੍ਹੋ

* ਜਲੰਧਰ ਜਿਮਨੀ ਚੋਣ ਦੇ ਨਤੀਜੇ ਦਾ 'ਆਮ ਆਦਮੀ ਪਾਰਟੀ' ਤੇ ਪਵੇਗਾ ਗਹਿਰਾ ਅਸਰ
* ਸੁਨੀਆਂ ਸੱਥਾਂ, ਸੁਨੇ ਵਿਹੜੇ ਬਿਨਾਂ ਬਜ਼ੁਰਗਾਂ ਦੇ...
* ਮਾ. ਆਤਮਾ ਸਿੰਘ ਚੜ੍ਹਿਕ ਦੀ ਪੁਸਤਕ 'ਬੇ-ਰੰਗੇ ਦੇ ਰੰਗ' ਲੋਕ ਅਰਪਣ ਮੌਕੇ ਹੋਇਆ ਕਵੀ ਦਰਬਾਰ
* ਸ਼ੇਰ ਦੀ ਬੇਵਕੂਫੀ ਅਤੇ ਔਰਤ ਦੀ ਸਿਆਣਪ (ਕਹਾਣੀ)

ਖ਼ਬਰਾਂ ਅਤੇ ਰਚਨਾਵਾਂ ਭੇਜਣ ਵਾਸਤੇ ਈ-ਮੇਲ
chief_editor@mehakwatandilive.com
mehakwattandi@rediffmail.com



## ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸ਼ਹੀਦੀ ਪੁਰਬ ਤੇ 'ਮਹਿਕ ਵਤਨ ਦੀ ਲਾਈਵ' ਬਿਓਰੋ ਵੱਲੋਂ ਗੁਰੂ ਜੀ ਦੇ ਚਰਨਾ ਵਿੱਚ ਕੋਟਿ-ਕੋਟਿ ਪ੍ਰਣਾਮ ਕਰਦੇ ਹਾਂ!




www.mehakwatandilive.com


Scanned with CamScanner

# ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸ਼ਹੀਦੀ ਪੁਰਬ ਤੇ ਵਿਸ਼ੇਸ਼ ਸਪਲੀਮੈਂਟ



ਇਸ ਸਪਲੀਮੈਂਟ ਵਿਚ ਸਹਿਯੋਗ ਦੇਣ ਵਾਲੇ ਸੰਤਾਂ-ਮਹਾਂਪੁਰਸ਼ਾਂ ਦਾ ਹਾਰਦਿਕ ਧੰਨਵਾਦ।
ਵੱਲੋਂ - ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ 'ਮਹਿਕ ਵਤਨ ਦੀ ਲਾਈਵ') ਸੰਪਰਕ : 9988 92 9988


ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸ਼ਹੀਦੀ ਪੁਰਬ ਤੇ ਉਨ੍ਹਾਂ ਦੇ ਚਰਨਾ ਵਿੱਚ ਕੋਟਿ-ਕੋਟਿ ਪ੍ਰਣਾਮ ਕਰਦੇ ਹਾਂ।



Sri Guru Arjan Dev Ji



ਸ਼ਰਧਾਂ ਤੇ ਸਤਿਕਾਰ ਸ਼ਹਿਤ
ਬਾਬਾ ਰੇਸ਼ਮ ਸਿੰਘ ਜੀ
ਖੁਖਰਾਣੇ ਵਾਲੇ
ਸੀਨੀ. ਮੀਤ ਪ੍ਰਧਾਨ:
ਗੁਰ ਸ਼ਬਦ ਪ੍ਰਚਾਰ ਸੰਤ ਸਮਾਜ
ਮੈਂਬਰ: ਖਾਲਸਾ ਐਕਸ਼ਨ ਕਮੇਟੀ
ਮੁੱਖ ਸੇਵਾਦਾਰ :
ਗੁ. ਸਾਹਿਬ ਦੁੱਖ ਭੰਜਨਸਰ
ਮੋ. 98153-11318
ਜਾਰੀ ਕਰਤਾ: ਬਲਜਿੰਦਰ ਸਿੰਘ 'ਗੋਰਾ' (ਜੁਆਇੰਟ ਸੈਕਟਰੀ: ਆਪ ਜਿਲ੍ਹਾ ਮੋਗਾ) ਅਤੇ ਭਾਈ ਹਰਪ੍ਰੀਤ ਸਿੰਘ ਖੁਖਰਾਣਾ

ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸ਼ਹੀਦੀ ਪੁਰਬ ਤੇ ਉਨ੍ਹਾਂ ਦੇ ਚਰਨਾ ਵਿੱਚ ਕੋਟਿ-ਕੋਟਿ ਪ੍ਰਣਾਮ ਕਰਦੇ ਹਾਂ।



Sri Guru Arjan Dev Ji



ਸੱਚਖੰਡ ਵਾਸੀ ਸ਼੍ਰੀ ਮਾਨ
ਸੰਤ ਬਾਬਾ ਹੀਰਾ ਸਿੰਘ ਜੀ ਖੁਖਰਾਣਾ
ਗੁਰਦੁਆਰਾ ਸੰਤ ਬਾਬਾ ਹੀਰਾ ਸਿੰਘ ਜੀ
ਤਪ ਅਸਥਾਨ ਬਾਬਾ ਹੀਰਾ ਸਿੰਘ ਜੀ ਪਿੰਡ ਖੁਖਰਾਣਾ (ਜ਼ਿਲ੍ਹਾ ਮੋਗਾ) ਪੰਜਾਬ
ਇਸ ਪਵਿੱਤਰ ਅਸਥਾਨ ਤੇ ਸੰਗਰਾਂਦ ਦਾ ਦਿਹਾੜਾ ਮਨਾਇਆ ਜਾਂਦਾ ਹੈ।

ਸੱਚਖੰਡ ਵਾਸੀ ਧੰਨ-ਧੰਨ ਸੰਤ ਬਾਬਾ ਹੀਰਾ ਸਿੰਘ ਜੀ ਮਹਾਰਾਜ ਦੀ ਸਾਲਾਨਾ ਬਰਸੀ ਹਰ ਸਾਲ 17 ਮੱਘਰ ਨੂੰ ਮਨਾਈ ਜਾਂਦੀ ਹੈ ਅਤੇ ਉਨ੍ਹਾਂ ਦੇ ਸਥਾਨ ਦੇ ਸੇਵਕ ਬਾਬਾ ਹਾਕਮ ਸਿੰਘ ਜੀ ਦੀ ਬਰਸ਼ੀ ਦੇ ਭੋਗ ਹਰ ਸਾਲ ਦੀਵਾਲੀ ਵਾਲੇ ਦਿਨ ਪਾਏ ਜਾਦੇ ਹਨ।

ਸਮੂੰਹ ਸੰਗਤ ਨੂੰ ਇਨ੍ਹਾਂ ਦਿਨਾ ਤੇ ਹਾਜਰ ਹੋਣ ਦਾ ਸੱਦਾ ਦਿੱਤਾ ਜਾਂਦਾ ਹੈ।



ਬੇਨਤੀ ਕਰਤਾ : ਸੇਵਾਦਾਰ
ਬਾਬਾ ਜਸਵਿੰਦਰ ਸਿੰਘ ਜੀ ਬੱਧਣੀ ਖੁਰਦ ਵਾਲੇ
ਸੰਪਰਕ : 62800-15996
ਸੰਤ ਬਾਬਾ ਹੀਰਾ ਸਿੰਘ ਜੀ ਪ੍ਰਬੰਧਕੀ ਕਮੇਟੀ, ਖੁਖਰਾਣਾ

ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸ਼ਹੀਦੀ ਪੁਰਬ ਤੇ ਉਨ੍ਹਾਂ ਦੇ ਚਰਨਾ ਵਿੱਚ ਕੋਟਿ-ਕੋਟਿ ਪ੍ਰਣਾਮ ਕਰਦੇ ਹਾਂ।



ਜੰਤਰੀਆਂ, ਕੈਲੰਡਰ, ਡਾਇਰੀਆਂ
ਮੈਗਜੀਨ ਪੁਸਤਕਾਂ ਛਪਵਾਉਣ
ਅਤੇ ਪੁਸਤਕਾਂ ਪ੍ਰਕਾਸ਼ਿਤ ਕਰਵਾਉਣ ਲਈ ਸੰਪਰਕ ਕਰੋ:
ਮਹਿਕ ਵਤਨ ਦੀ ਐਡਵੋਟਾਈਜਮੈਂਟ ਕੰਪਨੀ (ਰਜਿ:)
Help Line: 9988-92-9988
E-mail: mehakwattandi@rediffmail.com
www.mehakwatandilive.com


Scanned with CamScanner

ਸੰਪਾਦਕ ਦੀ ਕਲਮ 'ਚੋਂ...

ਮੁੱਖ ਸੰਪਾਦਕ - ਭਵਨਦੀਪ ਸਿੰਘ ਪੁਰਬਾ

# ਜਲੰਧਰ ਜਿਮਨੀ ਚੋਣ ਦੇ ਨਤੀਜੇ ਦਾ 'ਆਮ ਆਦਮੀ ਪਾਰਟੀ' ਤੇ ਪਵੇਗਾ ਗਹਿਰਾ ਅਸਰ

ਸੰਗਰੂਰ ਜਿਮਨੀ ਚੋਣ ਦਾ ਆਮ ਆਦਮੀ ਪਾਰਟੀ ਦੀ ਪੰਜਾਬ ਵਿੱਚ ਜਿੱਤ ਤੋਂ ਕੁਝ ਮਹੀਨੇ ਬਾਅਦ ਹੀ ਵੋਟਰਾਂ ਦਾ ਇਸ ਪਾਰਟੀ ਤੋਂ ਮੋਹ ਭੰਗ ਹੋ ਗਿਆ ਸੀ। ਕਾਰਨ ਕੀ ਸਨ? ਇਹ ਵੱਖਰਾ ਵਿਸ਼ਾ ਹੈ ਜਿਸ ਦਾ ਪਾਰਟੀ ਨੇ ਹੀ ਵਿਸ਼ਲੇਸ਼ਨ ਕਰਨਾ ਹੈ। ਹੁਣ ਆਮ ਆਦਮੀ ਪਾਰਟੀ ਦੀ ਪੰਜਾਬ ਵਿੱਚ ਕੀ ਸਥਿਤੀ ਹੈ, ਦੂਸਰੀਆਂ ਪਾਰਟੀਆਂ ਕਿਥੇ ਕੁ ਖੜੀਆਂ ਹਨ ਅਤੇ ਭਾਜਪਾ ਦਾ ਗ੍ਰਾਫ ਕਿੰਨ੍ਹਾਂ ਕੁ ਉਪਰ ਗਿਆ ਹੈ ਇਸ ਦਾ ਪੈਮਾਨਾ ਜਲੰਧਰ ਦੀ ਜਿਮਨੀ ਚੋਣ ਹੀ ਤਹਿ ਕਰੇਗੀ। ਜੇਕਰ ਪੰਜਾਬ ਵਿੱਚ ਆਮ ਆਦਮੀ ਪਾਰਟੀ ਨੇ ਇਨ੍ਹੇ ਵਧੀਆ ਕੰਮ ਕੀਤੇ ਹਨ ਤਾਂ ਤਾਂ ਐਮ.ਪੀ. ਦੀ ਇਸ ਚੋਣ ਵਿੱਚ ਆਮ ਆਦਮੀ ਪਾਰਟੀ ਨੂੰ ਕੋਈ ਜਿਆਦਾ ਜੋਰ ਲਗਾਉਣ ਦੀ ਜਰੂਰਤ ਹੀ ਨਹੀਂ ਹੋਣੀ ਚਾਹੀਦੀ ਸੀ ਪਰ ਆਮ ਆਦਮੀ ਪਾਰਟੀ ਦਾ ਤਾਂ ਅੱਡੀ ਚੋਟੀ ਦਾ ਜੋਰ ਲੱਗਿਆ ਹੋਇਆ ਹੈ।

2024 ਵਿੱਚ ਵੈਸੇ ਵੀ ਮੈਂਬਰ ਪਾਰਲੀਮੈਂਟ ਦੀਆਂ ਚੋਣਾਂ ਆ ਜਾਣੀਆਂ ਸਨ। ਇਸ ਇੱਕ ਸੀਟ ਨਾਲ ਨਾ ਕੋਈ ਸਰਕਾਰ ਬਣਨੀ ਹੈ, ਨਾ ਕੋਈ ਸਰਕਾਰ ਟੁੱਟਨੀ ਹੈ, ਨਾ ਹੀ ਸੈਂਟਰ ਸਰਕਾਰ ਨੂੰ ਕੋਈ ਫਰਕ ਪੈਣਾ ਹੈ। ਫਿਰ ਇਸ ਜਿਮਨੀ ਚੋਣ ਦੀ ਕੀ ਲੋੜ ਸੀ। ਕਿਉਂ ਸਭ ਦਾ ਆਪਣੇ ਕੈਂਡੀਡੇਟ ਨੂੰ ਜਿਤਾਉਣ ਲਈ ਇੰਨ੍ਹਾਂ ਜੋਰ ਲੱਗਿਆ ਹੋਇਆ ਹੈ। ਇਹ ਜਿਮਨੀ ਚੋਣ ਹਰ ਪਾਰਟੀ ਲਈ ਆਪਣੇ ਵਿਕਾਰ ਦਾ ਸਵਾਲ ਬਣੀ ਹੋਈ ਹੈ। ਭਾਜਪਾ ਨੇ ਵੇਖਣਾ ਹੈ ਕਿ ਇਕੱਲੇ ਆਪਣੇ ਲੈਵਲ ਤੇ ਪੰਜਾਬ ਵਿੱਚ ਚੋਣ ਲੜਨ ਨਾਲ ਉਹ ਕਿਥੇ ਕੁ ਖੜੇ ਹਨ। ਭਗਵੰਤ ਮਾਨ ਦੀ ਪੰਜਾਬ ਆਪ ਸਰਕਾਰ ਨੇ ਵੇਖਣਾ ਹੈ ਕਿ ਲੋਕ ਉਨ੍ਹਾਂ ਦੇ ਕਾਰਜਾਂ ਤੋਂ ਕਿਨ੍ਹਾਂ ਕੁ ਸੰਤੁਸਟ ਹਨ ਉਹ ਕੀਤੇ ਜਾ ਰਹੇ ਕਾਰਜ ਦੀ ਕੀ ਰਾਹਤ ਮਹਿਸੂਸ ਕਰਦੇ ਹਨ ਅਤੇ ਉਹ ਇਸ ਦਾ ਕੀ ਮੁੱਲ ਪਾਉਂਦੇ ਹਨ। ਕਾਂਗਰਸ ਨੇ ਆਪਣੀ ਸਥਿਤੀ ਦਾ ਜਾਇਜਾ ਲੈਣ ਹੈ ਕਿ ਅਗਲੀਆਂ ਚੋਣਾ ਜਿਨ੍ਹਾਂ ਲਈ ਅਜੇ ਬਹੁੱਤ ਸਮਾਂ ਬਾਕੀ ਹੈ ਉਹ ਉਦੋਂ ਤੱਕ ਆਮ ਆਦਮੀ ਪਾਰਟੀ ਦਾ ਮੁਕਾਬਲਾ ਕਰਨ ਦੇ ਯੋਗ ਹੋਣਗੇ। ਸ੍ਰੋਮਣੀ ਅਕਾਲੀ ਦਲ ਬਾਦਲ ਆਪਣੀ ਡਾਵਾਂ-ਡੋਲ ਹੋਈ ਸਥਿਤੀ ਦਾ ਜਾਇਜਾ ਲੈ ਰਹੀ ਕਿ ਉਹ ਮੁੜ ਆਪਣੇ ਪੈਰਾਂ ਤੇ ਖੜੇ ਹੋਣਗੇ ਜਾਂ ਪਾਰਟੀ ਵਿੱਚ ਕਿਸੇ ਹੋਰ ਸੁਧਾਰ ਦੀ ਲੋੜ ਹੈ।

ਜਿਕਰ ਯੋਗ ਹੈ ਕਿ ਪੰਜਾਬ ਵਿੱਚ ਚੱਲ ਰਹੀ ਸਥਿਤੀ ਅਨੁਸਾਰ ਚਾਪਲੂਸ ਤੇ ਸਿਆਸੀ ਲੋਕਾਂ ਨੇ ਨਗਰ ਨਿਗਮ, ਕਾਰਪੋਰੇਸ਼ਨ, ਪੰਚਾਂ-ਸਰਪੰਚਾਂ, ਐਮ.ਸੀ. ਆਦਿ ਦੀਆਂ ਚੋਣਾ ਲਈ ਹੁਣੇ ਤੋਂ ਹੀ ਸਥਿਤੀ ਦੇ ਅਨੁਸਾਰ ਕਮਰ ਕੱਸੇ ਕਸਨੇ ਹਨ। ਕਈ ਮੌਕਾ ਪ੍ਰਸਤ ਲੋਕ ਨੇ ਆਪਣੀਆਂ ਪਾਰਟੀਆਂ ਬਦਲ ਕੇ ਦੂਸਰੀਆ ਪਾਰਟੀ ਦਾ ਪੱਲਾ ਫੜਨਾ ਹੈ। ਕਈ ਤਾਂ ਆਉਣ ਵਾਲੀ ਸਥਿਤੀ ਨੂੰ ਭਾਂਪਦੇ ਹੋਏ ਦੂਸਰੀਆਂ ਪਾਰਟੀਆਂ ਵਿੱਚ ਰਲਣੇ ਸ਼ੁਰੂ ਹੋ ਗਏ ਹਨ।

ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਆਪਣੇ ਦੁਆਰਾ ਕੀਤੇ ਜਾ ਰਹੇ ਵਿਕਾਸ ਕਾਰਜਾਂ ਅਤੇ ਕੁਰਪਸ਼ਨ ਖਿਲਾਫ ਵਿੱਢੀ ਮੁਹਿੰਮ ਦੀਆਂ ਬਹੁੱਤ ਦੁਹਾਈਆਂ ਪਾ ਰਹੀ ਹੈ ਪਰ ਆਮ ਆਦਮੀ ਪਾਰਟੀ ਦੇ ਜਮੀਨੀ ਪੱਧਰ ਤੇ ਪੈਰ ਲੱਗੇ ਹਨ ਜਾਂ ਨਹੀਂ? ਆਮ ਆਦਮੀ ਪਾਰਟੀ ਦੇ ਬਦਲਾਅ ਲਈ ਚੁਣੇ ਗਏ ਵਿਧਾਇਕ ਕਿੰਨ੍ਹਾਂ ਕੁ ਲੋਕਾਂ ਦੀ ਸੋਚ ਤੇ ਖਰੇ ਉੱਤਰ ਰਹੇ ਹਨ। ਆਮ ਆਦਮੀ ਪਾਰਟੀ ਦੇ ਸਹੀ ਵਲੰਟੀਅਰਜ ਦਾ ਕੀ ਮੁੱਲ ਪੈ ਰਿਹਾ ਹੈ, ਉਹ ਆਪਣੀ ਆਮ ਆਦਮੀ ਪਾਰਟੀ ਤੋਂ ਕਿੰਨਾ ਕੁ ਖੁਸ਼ ਹਨ। ਦੇਖਣ ਨੂੰ ਮਿਲ ਰਿਹਾ ਹੈ ਕਿ ਆਮ ਆਦਮੀ ਪਾਰਟੀ ਆਪਸੀ ਧੜੇਬੰਦੀਆਂ ਦੀ ਵੀ ਸਿਕਾਰ ਹੋ ਰਹੀ ਹੈ। ਇਨ੍ਹਾਂ ਸਭ ਗੱਲਾਂ ਤੋਂ ਉਪਰ ਉਠ ਕੇ ਪਾਰਟੀ ਪੰਜਾਬ ਵਿੱਚ ਕਿੰਨੀ ਕੁ ਸਥਾਪਤ ਹੋ ਚੁੱਕੀ ਹੈ ਇਹ ਸਭ ਦਾ ਬਹੁੱਤ ਵੱਡਾ ਨਤੀਜਾ ਜਲੰਧਰ ਦੀ ਜਿਮਨੀ ਚੋਣ ਤਹਿ ਕਰੇਗੀ।

International
ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
ਮਹਿਕ ਵਤਨ ਦੀ
'Mehak Watan Di Live' ● ਲਾਈਵ

Titel Regd No. PUNPUN 04016 Year 8 Edition 02 Issue Date 06-05-2023

ਮੁੱਖ ਸੰਪਾਦਕ : ਭਵਨਦੀਪ ਸਿੰਘ ਪੁਰਬਾ
ਉੱਪ-ਮੁੱਖ ਸੰਪਾਦਕ (ਆਨਰੇਰੀ) : ਭਾਗਵੰਤੀ ਪੁਰਬਾ
ਸਾਹਿਤਕ ਸੰਪਾਦਕ : ਹਰਜੀਤ ਕੌਰ ਗਿੱਲ
ਸਹਿ ਸੰਪਾਦਕ : ਇਕਬਾਲ ਸਿੰਘ ਖੋਸਾ
ਇੰਚਾਰਜ ਪ੍ਰੋਟਿੰਗ ਵਿਭਾਗ : ਸੁਖਜੀਤ ਸਿੰਘ ਵਾਲੀਆ
ਵਿਸ਼ੇਸ਼ ਪ੍ਰਤੀਨਿਧ (ਕੈਨੇਡਾ): ਗੁਰਸੇਵਕ ਸਿੰਘ ਪੁਰਬਾ
ਮੁੱਖ ਸਲਾਹਕਾਰ : ਬਾਬਾ ਜਸਵੀਰ ਸਿੰਘ ਲੋਹਾਰਾ
ਸਾਹਿਤਕ ਸਲਾਹਕਾਰ : ਗੁਰਮੇਲ ਸਿੰਘ ਬੌਡੇ
ਸਿਆਸੀ ਸਲਾਹਕਾਰ : ਕੁਲਵਿੰਦਰ ਸਿੰਘ ਤਾਰੇਵਾਲਾ
ਪ੍ਰੈਸ ਫੋਟੋ ਗ੍ਰਾਫਰ : ਮਨਮੋਹਨ ਸਿੰਘ ਚੀਮਾ






GURU NANAK
LIBRARY
ऑनलाईन फार्म एडमिशन फार्म रिजल्ट
पासपोर्ट पैन कार्ड लैमिनेशन
यहां पर सभी प्रकार के Competition से Related Books
मार्किट से सस्ते रेटों पर मिलती है।
यहां पर IGNOU, के सभी प्रकार
के फार्म भरने की सुविधा है।
99929-99115
onlinesolution811@gmail.com

ਵਿਸ਼ੇਸ਼ ਨੋਟ : 1. 'ਮਹਿਕ ਵਤਨ ਦੀ ਲਾਈਵ' ਪੇਪਰ ਵਿੱਚ ਛਪਣ ਵਾਲੀਆਂ ਸਾਰੀਆਂ ਰਚਨਾਵਾਂ ਵਿੱਚ ਨਾਮ ਅਤੇ ਸਥਾਨ ਫਰਜ਼ੀ ਹੁੰਦੇ ਹਨ। ਜੇਕਰ ਕਿਸੇ ਜਿਉਂਦੇ ਜਾਂ ਮਰ ਚੁੱਕੇ ਵਿਅਕਤੀ ਨਾਲ ਮਿਲ ਜਾਣ ਤਾਂ ਇਹ ਇੱਕ ਸੰਯੋਗ ਹੀ ਸਮਝਣਾ ਚਾਹੀਦਾ ਹੈ ਅਦਾਰਾ ਇਸ ਦਾ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੋਵੇਗਾ। 2. 'ਮਹਿਕ ਵਤਨ ਦੀ ਲਾਈਵ' ਸਿਰਫ ਪੰਜਾਬੀ ਪੇਪਰ ਹੈ ਜਿਸ ਦਾ ਕਿਸੇ ਵੀ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ। 3. ਵਿਦੇਸ਼ਾਂ ਵਿੱਚ ਪੇਪਰ ਮੰਗਵਾਉਣ ਲਈ ਆਪਣਾ ਪਤਾ ਅੰਗੇਰਜ਼ੀ ਦੇ ਵੱਡੇ ਅੱਖਰਾਂ ਵਿੱਚ ਲਿਖ ਕੇ ਭੇਜਿਆ ਜਾਵੇ। 4. ਹਰ ਪ੍ਰਕਾਰ ਦਾ ਚੰਦਾ 'ਮਹਿਕ ਵਤਨ ਦੀ' ਦੇ ਨਾਮ ਤੇ ਭੇਜਿਆ ਜਾਵੇ ਜੋ ਮੋਗਾ ਪੰਜਾਬ ਵਿਚ ਭੁਗਤਾਉਣ ਯੋਗ ਹੋਵੇ। 5. ਇਸ਼ਤਿਹਾਰ ਦੇ ਮੈਟਰ ਬਾਰੇ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 6. 'ਮਹਿਕ ਵਤਨ ਦੀ' ਨਾਲ ਸਬੰਧਤ ਹਰ ਕਿਸਮ ਦੇ ਕਾਨੂੰਨੀ ਝਗੜੇ ਦਾ ਨਿਪਟਾਰਾ ਸਿਰਫ ਜ਼ਿਲ੍ਹਾ ਅਦਾਲਤ ਮੋਗਾ ਵਿੱਚ ਹੀ ਕੀਤਾ ਜਾਵੇਗਾ। 7. ਜੇਕਰ ਕਿਸੇ ਨੂੰ 'ਮਹਿਕ ਵਤਨ ਦੀ ਲਾਈਵ' ਪੇਪਰ ਦੇ ਸਬੰਧਤ ਮੈਟਰ ਤੇ ਕਿਸੇ ਪ੍ਰਕਾਰ ਦਾ ਇਤਰਾਜ਼ ਹੋਵੇ ਤਾਂ ਉਹ ਪੇਪਰ ਛਪਣ ਤੋਂ 15 ਦਿਨਾਂ ਦੇ ਅੰਦਰ -ਅੰਦਰ ਆਪਣੇ ਇਤਰਾਜ਼ ਪ੍ਰਗਟ ਕਰ ਸਕਦਾ ਹੈ ਇਸ ਤੋਂ ਬਾਅਦ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 8. ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਲੇਖਕਾਂ ਪ੍ਰਤੀ 1. 'ਮਹਿਕ ਵਤਨ ਦੀ ਲਾਈਵ' ਲਈ ਰਚਨਾਵਾਂ ਭੇਜਣ ਸਮੇਂ ਲੇਖਕਾਂ ਲਈ ਜ਼ਰੂਰੀ ਹੈ ਕਿ ਆਪਣੀ ਰਚਨਾ ਤਸਦੀਕ ਕਰਕੇ ਭੇਜਣ ਕਿ ਇਹ ਰਚਨਾ ਉਹਨਾਂ ਦੀ ਮੌਲਿਕ ਰਚਨਾ ਹੈ। 2. ਰਚਨਾਵਾਂ ਭੇਜਦੇ ਸਮੇਂ ਉਸ ਦੀ ਕਾਪੀ ਆਪਣੇ ਕੋਲ ਜ਼ਰੂਰ ਰੱਖ ਲਵੋ, ਰਚਨਾ ਵਾਪਸ ਨਹੀਂ ਭੇਜੀ ਜਾਵੇਗੀ, ਨਾ ਛਪਣਯੋਗ ਰਚਨਾ ਉਸ ਸੂਰਤ ਵਿੱਚ ਵਾਪਸ ਭੇਜੀ ਜਾਵੇਗੀ ਅਗਰ ਟਿਕਟ ਲੱਗਾ ਅਡਰੈਸ ਕੀਤਾ ਲਿਫ਼ਾਫਾ ਨਾਲ ਹੋਵੇਗਾ। 3. ਰਚਨਾਵਾਂ ਪੇਜ਼ ਦੇ ਇਕ ਪਾਸੇ ਸਾਫ ਸਾਫ ਕਰਕੇ ਲਿਖੀਆਂ ਜਾਣ ਜਾਂ ਟਾਈਪ ਕਰਕੇ ਭੇਜੀਆਂ ਜਾਣ ਜਾਂ ਈਮੇਲ ਅਡਰੈਸ 'ਤੇ ਭੇਜੀਆਂ ਜਾਣ। 4. ਕਿਸੇ ਵੀ ਲੇਖਕ ਨੂੰ ਉਸ ਦੀਆਂ ਰਚਨਾਵਾਂ ਦੀ ਕੋਈ ਕੀਮਤ ਨਹੀਂ ਦਿੱਤੀ ਜਾਂਦੀ ਹੈ।

ਟਾਈਟਲ ਡਿਜ਼ਾਇਨਿੰਗ : WP&S
ਮੈਗਜ਼ੀਨ, ਕਿਤਾਬਾਂ, ਪੋਸਟਰ, ਕੈਲੰਡਰ, ਸਕੂਲਾਂ ਨਾਲ ਸੰਬੰਧਤ ਹਰ ਤਰ੍ਹਾਂ ਦਾ ਕੰਮ ਕਰਵਾਉਣ ਲਈ ਸੰਪਰਕ ਕਰੋ।
ਮੋ. 98153-78692

ਵਿਸ਼ੇਸ ਨੋਟ
'ਮਹਿਕ ਵਤਨ ਦੀ ਲਾਈਵ' ਪੇਪਰ ਸਬੰਧੀ ਹਰ ਪ੍ਰਕਾਰ ਦੀ ਜਾਣਕਾਰੀ ਲਈ
Help Line: (+91) 9988-92-9988 ਤੇ
ਸਿਰਫ ਸਵੇਰੇ 10 ਵਜੇ ਤੋ ਸ਼ਾਮ 5 ਵਜੇ ਤੱਕ
ਹੀ ਸੰਪਰਕ ਕੀਤਾ ਜਾਵੇ।

Scanned with CamScanner

# ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਯਾਦ 'ਚ ਦਿੱਲੀ ਤੋਂ ਆਏ 'ਫਤਹਿ ਮਾਰਚ' ਦਾ ਮੋਗਾ ਵਿਖੇ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਕੀਤਾ ਗਿਆ ਭਰਵਾਂ ਸਵਾਗਤ

ਮੋਗਾ/ ਭਾਗਵੰਤੀ ਪੁਰਬਾ

ਸਿੱਖ ਕੌਮ ਦੇ ਮਹਾਨ ਜਰਨੈਲ ਸਰਦਾਰ ਜੱਸਾ ਸਿੰਘ ਰਾਮਗੜ੍ਹੀਆਂ ਦੇ 300 ਸਾਲਾ ਜਨਮ ਦਿਵਸ ਨੂੰ ਸਮਰਪਿਤ 'ਫਤਹਿ ਮਾਰਚ' ਜੋ ਦਿੱਲੀ ਤੋਂ ਚੱਲਿਆ ਹੋਇਆਂ ਹੈ ਉਸ ਦਾ ਮੋਗਾ ਪਹੁੰਚਣ ਤੇ ਸਮੂੰਹ ਮੋਗਾ ਨਿਵਾਸੀਆਂ ਨੇ ਪਾਰਟੀਬਾਜ਼ੀ ਤੋ ਉੱਪਰ ਉੱਠ ਕੇ ਕੀਤਾ ਭਰਵਾਂ ਸਵਾਗਤ ਕੀਤਾ। ਕੋਟਕਪੂਰਾ ਬਾਈਪਾਸ ਤੇ ਲਗਾਏ ਗਈ ਮੁੱਖ ਸਟੇਜ ਤੋਂ ਬਾਬਾ ਰੇਸ਼ਮ ਸਿੰਘ ਖੁਖਰਾਣਾ, ਸੁਖਵਿੰਦਰ ਸਿੰਘ ਆਜਾਦ, ਢਾਡੀ ਕਵੀਸ਼ਰਾਂ ਸਮੇਤ ਧਾਰਮਿਕ ਸ਼ਖ਼ਸੀਅਤਾਂ ਨੇ ਸੰਗਤਾਂ ਨੂੰ ਸੰਬੋਧਨ ਕੀਤਾ। ਮੋਗਾ ਦੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਦਾ ਕਮੇਟੀ ਵੱਲੋਂ ਸਿਰੋਪਾ ਦੇ ਕੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਮਹਾਂਪੁਰਸ਼ਾਂ ਨੂੰ ਲੋਈਆਂ ਦੇ ਕੇ ਸਨਮਾਨਿਤ ਕੀਤਾ ਅਤੇ ਉਨ੍ਹਾਂ ਨੇ ਸਰਦਾਰ ਜੱਸਾ ਸਿੰਘ ਰਾਮਗੜੀਆ ਜੀ ਦੇ 300 ਸਾਲਾ ਜਨਮ ਦਿਵਸ ਦੀ ਪੁੱਜੀਆ ਸਾਰੀਆਂ ਸ਼ਖਸ਼ੀਅਤਾਂ ਨੂੰ ਵਧਾਈ ਦਿੱਤੀ। ਇਸ ਮੌਕੇ ਵੱਖ-ਵੱਖ ਸੁਸਾਇਟੀਆਂ ਦੇ ਮੈਂਬਰਾਂ ਨੇ ਆਪਣੀ ਹਾਜਰੀ ਲਵਾਉਦੇ ਹੋਏ ਆਪਣੀਆ-ਆਪਣੀਆਂ ਸੇਵਾਵਾ ਬਾਖੂਬੀ ਨਿਭਾਈਆ।







ਇਸ ਸ਼ਹਿਰ ਦੇ ਸੈਕੜੇ ਪਤਵੰਤੇ ਸੱਜਣਾ ਸਮੇਤ ਸੰਤ ਬਾਬਾ ਬਲਦੇਵ ਸਿੰਘ ਜੋਗੇਵਾਲਾ, ਸਾਬਕਾ ਐਮ.ਐਲ.ਏ. ਡਾ. ਹਰਜੋਤ ਕਮਲ, ਨਗਰ ਨਿਗਮ ਮੋਗਾ ਦੇ ਮੇਅਰ ਨਿਤਿਕਾ ਭੱਲਾ, ਸ੍ਰ ਗੁਰਪ੍ਰੀਤਮ ਸਿੰਘ ਚੀਮਾ, ਕੌਂਸਲਰ ਬਲਜੀਤ ਸਿੰਘ ਚਾਨੀ, ਬਲਜਿੰਦਰ ਸਿੰਘ 'ਗੋਰਾ' ਖੁਖਰਾਣਾ, ਮਹਿਕ ਵਤਨ ਦੀ ਲਾਈਵ ਬਿਓਰੋ ਦੇ ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ, ਰਿਟਾ. ਡੀ.ਪੀ.ਆਰ.ਓ ਗਿਆਨ ਸਿੰਘ, ਭਾਈ ਹਰਪ੍ਰੀਤ ਸਿੰਘ ਸੇਖੋ ਖੁਖਰਾਣਾ, ਗੁਰਨਾਮ ਸਿੰਘ ਲਵਲੀ, ਸੁਖਦੇਵ ਸਿੰਘ ਬਰਾੜ, ਅਮਰਜੀਤ ਸਿੰਘ ਡਾਲਾ, ਭਾਈ ਸੁਖਜੀਵਨ ਸਿੰਘ ਸੁੱਖਾ, ਚਰਨਜੀਤ ਸਿੰਘ ਝੰਡੇਆਣਾ, ਗਿਆਨੀ ਅਮਰੀਕ ਸਿੰਘ ਜੀਰਾ, ਬਾਬਾ ਮਹਿੰਦਰ ਸਿੰਘ ਜਨੇਰ, ਬਾਬਾ ਕੁਲਦੀਪ ਸਿੰਘ ਸੇਖਾ, ਬਾਬਾ ਭੋਲਾ ਸਿੰਘ ਬੱਡੂਵਾਲ, ਮਨਜੀਤ ਸਿੰਘ ਮੱਲਾ, ਗੁਰਸੇਵਕ ਸਿੰਘ ਸੰਨਿਆਸੀ, ਨਰਿੰਦਰਪਾਲ ਸਿੰਘ ਸਹਾਰਨ, ਚਰਨਜੀਤ ਸਿੰਘ ਝੰਡੇਆਣਾ, ਦਰਸ਼ਨ ਸਿੰਘ ਵਿਰਦੀ, ਕੌਂਸਲਰ ਮਨਜੀਤ ਧੰਮੂ, ਕੌਂਸਲਰ ਵਿਜੇ ਖੁਰਾਣਾ, ਕੌਂਸਲਰ ਲਖਵੀਰ ਸਿੰਘ ਲੱਖਾ, ਕੌਂਸਲਰ ਜਗਜੀਤ ਸਿੰਘ ਜੀਤਾ, ਕੌਂਸਲਰ ਮਤਵਾਲ ਸਿੰਘ, ਕੌਂਸਲਰ ਗੋਵਰਧਨ ਪੋਪਲੀ, ਸਮਾਜ ਸੇਵਾ ਸੁਸਾਇਟੀ (ਰਜਿ:) ਮੋਗਾ ਦੇ ਸੇਵਾਦਾਰਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸ਼ਹਿਰ ਨਿਵਾਸੀ ਸੰਗਤਾਂ ਹਾਜ਼ਰ ਸਨ।

# ਐਮ.ਐਲ.ਏ. ਮੋਗਾ ਡਾ. ਅਮਨਦੀਪ ਕੌਰ ਅਰੋੜਾ ਦਾ ਗੁਰਦੁਆਰਾ ਦੁੱਖ ਭੰਜਨਸਰ ਸਾਹਿਬ ਖੁਖਰਾਣਾ ਵਿਖੇ ਵਿਸ਼ੇਸ਼ ਸਨਮਾਨ




ਖੁਖਰਾਣਾ (ਮੋਗਾ) / ਭਾਗਵੰਤੀ

ਹਲਕਾ ਮੋਗਾ ਦੇ ਵਿਧਾਇਕ ਬੀਬਾ ਡਾ ਅਮਨਦੀਪ ਕੌਰ ਅਰੋੜਾ ਖਰੀਦ ਕੇਂਦਰ ਖੁਖਰਾਣਾ ਦੇ ਦੌਰੇ ਤੋ ਪਹਿਲਾ ਪਹੁੰਚੇ ਬਾਬਾ ਰੇਸ਼ਮ ਸਿੰਘ ਖੁਖਰਾਣਾ ਦੇ ਨਿਵਾਸ ਅਸਥਾਨ ਗੁਰਦੁਆਰਾ ਦੁੱਖ ਭੰਜਨਸਰ ਖੁਖਰਾਣਾ ਵਿਖੇ ਜਿਥੇ ਉਹਨਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮੱਥਾ ਟੇਕਿਆ ਅਸ਼ੀਰਵਾਦ ਲਿਆ। ਉਸ ਤੋ ਉਪੱਰੰਤ ਹਲਕੇ ਦੀ ਪ੍ਰਸਿੱਧ ਧਾਰਮਿੱਕ ਸ਼ਖ਼ਸੀਅਤ ਅਤੇ ਗੁਰੂਘਰ ਦੇ ਮੁੱਖ ਸੇਵਾਦਾਰ ਬਾਬਾ ਰੇਸ਼ਮ ਸਿੰਘ ਨਾਲ ਮੁਲਾਕਾਤ ਕੀਤੀ। ਹਲਕੇ ਦੀਆਂ ਸਮੱਸਿਆਵਾਂ ਅਤੇ ਪਿੰਡ ਦੇ ਵਿਕਾਸ ਸਬੰਧੀ ਵੀ ਵਿਚਾਰ ਵਟਾਂਦਰਾ ਹੋਇਆ। ਸਮਾਜਿਕ ਕੁਰੀਤੀਆਂ ਅਤੇ ਨਸ਼ੇ ਸਬੰਧੀ ਵੀ ਵਿਚਾਰ ਚਰਚਾ ਹੋਈ। ਜਿਸ ਤੇ ਬੀਬਾ ਡਾ. ਅਮਨਦੀਪ ਕੌਰ ਕਿਹਾ ਕਿ ਪਿੰਡਾਂ ਦੇ ਵਿਕਾਸ ਵੱਲ ਪਹਿਲ ਦੇ ਅਧਾਰ ਤੇ ਤਵੱਜੋ ਦਿੱਤੀ ਜਾਵੇਗੀ। ਨਸ਼ੀਆ ਅਤੇ ਭ੍ਰਿਸ਼ਟਾਚਾਰ ਦੀ ਅਲਾਮਤ ਤੋ ਪੰਜਾਬ ਨੂੰ ਮੁਕਤ ਕੀਤਾ ਜਾਵੇਗਾ। ਇਸ ਵਾਸਤੇ ਸਮੂੰਹ ਪੰਜਾਬ ਵਾਸੀਆਂ ਧਾਰਮਿਕ ਸਮਾਜ ਸੇਵੀ ਲੋਕਾ ਨੂੰ ਸਹਿਯੋਗ ਦੇਣ ਦੀ ਅਪੀਲ ਵੀ ਕੀਤੀ। ਬਾਬਾ ਰੇਸ਼ਮ ਸਿੰਘ ਖੁਖਰਾਣਾ ਨੇ ਡਾ. ਅਮਨਦੀਪ ਕੋਰ ਅਤੇ ਨਾਲ ਆਏ ਸਾਰੇ ਲੀਡਰ ਸਾਹਿਬਾਨਾਂ ਦਾ ਸਿਰਪਾਓ ਦੇ ਕੇ ਮਾਨ ਸਤਿਕਾਰ ਕੀਤਾ।

ਇਸ ਮੌਕੇ ਗੁਰਦੁਆਰਾ ਸਾਹਿਬ ਵਿਖੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਦੇ ਨਾਲ 'ਮਹਿਕ ਵਤਨ ਦੀ' ਗਰੁੱਪ ਦੇ ਚੀਫ ਐਡੀਟਰ ਭਵਨਦੀਪ ਸਿੰਘ ਪੁਰਬਾ, ਬਲਜਿੰਦਰ ਸਿੰਘ ਖੁਖਰਾਣਾ (ਜੁਆਇੰਟ ਸਕੱਤਰ ਆਮ ਆਦਮੀ ਪਾਰਟੀ, ਜਿਲ੍ਹਾ ਮੋਗਾ), ਆਪ ਆਗੂ ਕੁਲਦੀਪ ਸਿੰਘ ਖੁਖਰਾਣਾ, ਗੁਰਪ੍ਰੀਤ ਸਿੰਘ ਪੀਤਾਂ, ਹਰਨੇਕ ਸਿੰਘ ਨੇਕਾ, ਸੁਖਚੈਨ ਸਿੰਘ ਉਪਲ, ਕੌਂਸਲਰ ਬਲਜੀਤ ਸਿੰਘ ਚਾਨੀ, ਸੁਖਦੀਪ ਸਿੰਘ ਦੌਲਤਪੁਰਾ, ਅਮਿਤ ਪੂਰੀ, ਸ. ਊਧਮ ਸਿੰਘ ਕਲਕੱਤਾ (ਪ੍ਰਧਾਨ: ਗੁਰਦੁਆਰਾ ਸਾਹਿਬ ਪਾਤਸ਼ਾਹੀ 6ਵੀ ਪਿੰਡ ਖੁਖਰਾਣਾ), ਭਾਈ ਹਰਪ੍ਰੀਤ ਸਿੰਘ ਸੇਖੋਂ ਆਦਿ ਹਾਜ਼ਰ ਸਨ।

# ਗੁਰਦੁਆਰਾ ਚੰਦ ਪੁਰਾਣਾ 'ਚ ਸ੍ਰੀ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਗਿਆ

## ਸ੍ਰੀ ਗੁਰੂ ਅਮਰਦਾਸ ਜੀ ਨੇ ਹਮੇਸ਼ਾ ਸ਼ਾਂਤੀ ਤੇ ਸਹਿਨਸ਼ੀਲਤਾ ਉਪਦੇਸ਼ ਦਿੱਤਾ -ਬਾਬਾ ਗੁਰਦੀਪ ਸਿੰਘ ਚੰਦ ਪੁਰਾਣਾ

ਬਾਘਾਪੁਰਾਣਾ/ ਭਵਨਦੀਪ ਸਿੰਘ ਪੁਰਬਾ




ਮਾਲਵੇ ਦੇ ਪਵਿੱਤਰ ਅਤੇ ਗੁਰਮਤਿ ਦੇ ਕੇਂਦਰ ਵਜੋਂ ਜਾਣੇ ਜਾਂਦੇ ਧਾਰਮਿਕ ਸਥਾਨ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਤਪ ਅਸਥਾਨ ਸੱਚਖੰਡ ਵਾਸੀ ਬਾਬਾ ਨਛੱਤਰ ਸਿੰਘ ਚੰਦ ਪੁਰਾਣਾ ਵਿਖੇ ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਪੁੰਨਿਆ ਦਾ ਦਿਹਾੜਾ ਮਨਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਸੰਗਤਾਂ ਨਤਮਸਤਕ ਹੋਈਆਂ ਅਤੇ ਤਿੰਨ ਸ੍ਰੀ ਅਖੰਡ ਪਾਠਾਂ ਦੇ ਭੋਗ ਪਾਏ ਗਏ। ਸਮਾਗਮ ਦੌਰਾਨ ਸਜੇ ਧਾਰਮਿਕ ਦੀਵਾਨ ਵਿੱਚ ਭਾਈ ਕਮਲਜੀਤ ਸਿੰਘ ਜੀ ਆਲਮ ਵਾਲਾ, ਭਾਈ ਜਸਪਾਲ ਸਿੰਘ ਲੱਲ੍ਹਿਆਂ ਵਾਲੇ, ਸ਼੍ਰੋਮਣੀ ਕਮੇਟੀ ਦੇ ਪ੍ਰਚਾਰਕ ਭਾਈ ਲਖਬੀਰ ਸਿੰਘ ਮੋਗਾ ਅਤੇ ਪ੍ਰਸਿੱਧ ਰਾਗੀ ਭਾਈ ਇਕਬਾਲ ਸਿੰਘ ਲੰਗੇਆਣਾ ਵਾਲਿਆਂ ਨੇ ਸੰਗਤਾਂ ਨੂੰ ਗੁਰ ਇਤਿਹਾਸ ਸੁਣਾ ਕੇ ਨਿਹਾਲ ਕੀਤਾ।

ਇਸ ਅਸਥਾਨ ਦੇ ਮੁੱਖ ਸੇਵਾਦਾਰ ਸੰਤ ਬਾਬਾ ਗੁਰਦੀਪ ਸਿੰਘ ਜੀ ਨੇ ਪੁੱਜੀਆਂ ਸੰਗਤਾਂ ਦਾ ਧੰਨਵਾਦ ਅਤੇ ਪ੍ਰਵਚਨਾਂ ਰਾਹੀਂ ਸ੍ਰੀ ਗੁਰੂ ਅਮਰਦਾਸ ਜੀ ਦੇ ਜੀਵਨ ਬਾਰੇ ਦੱਸਦਿਆਂ ਕਿਹਾ ਕਿ ਸ਼ਾਂਤੀ ਤੇ ਸਹਿਨਸ਼ੀਲਤਾ ਦੇ ਪੁੰਜ ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦਾ ਗੁਰਿਆਈ ਦਿਹਾੜਾ ਮਨਾਇਆ ਜਾ ਰਿਹਾ ਹੈ। ਸ੍ਰੀ ਗੁਰੂ ਅਮਰਦਾਸ ਜੀ ਉਹ ਮਹਾਨ ਸ਼ਖਸ਼ੀਅਤ ਹਨ, ਜਿੰਨਾਂ ਨੇ ਵਡੇਰੀ ਉਮਰ ਦੀ ਪਰਵਾਹ ਕੀਤੇ ਬਿਨਾਂ 12 ਸਾਲ ਸ਼੍ਰੀ ਗੁਰੂ ਅੰਗਦ ਦੇਵ ਜੀ ਦੀ ਸੇਵਾ ਕੀਤੀ ਅਤੇ ਆਪਣੀ ਸੇਵਾ ਭਗਤੀ ਅਤੇ ਘਾਲਣਾ ਸਦਕਾ ਸਿੱਖਾਂ ਦੇ ਤੀਜੇ ਗੁਰੂ ਦੇ ਰੂਪ 'ਚ ਗੁਰਗੱਦੀ 'ਤੇ ਬਿਰਾਜਮਾਨ ਹੋਏ।

ਬਾਬਾ ਗੁਰਦੀਪ ਸਿੰਘ ਜੀ ਨੇ ਕਿਹਾ ਕਿ ਸੰਗਤ ਅਤੇ ਪੰਗਤ-ਆਪ ਜੀ ਨੇ ਲੰਗਰ ਅਤੇ ਪੰਗਤ ਦੀ ਪ੍ਰੰਪਰਾ 'ਤੇ ਬਹੁਤ ਜ਼ੋਰ ਦਿੱਤਾ ਤੇ ਹੁਕਮ ਕੀਤਾ ਕਿ ਜਿਸ ਨੇ ਮੇਰੇ ਦਰਸ਼ਨ ਤੇ ਸੰਗਤ ਕਰਨੀ ਹੈ, ਉਹ ਪਹਿਲਾਂ ਪੰਗਤ ਵਿਚ ਬੈਠ ਕੇ ਲੰਗਰ ਛਕੇ। ਸਮਾਜ ਸੁਧਾਰ-ਗੁਰੂ ਜੀ ਨੇ ਆਪਣੇ ਜੀਵਨ ਕਾਲ 'ਚ ਸਮਾਜ ਸੁਧਾਰ 'ਤੇ ਬਹੁਤ ਜ਼ੋਰ ਦਿੱਤਾ, ਜਿਸ ਵਿਚ ਕਰਮ-ਕਾਂਡ, ਜਾਤ-ਪਾਤ, ਛੂਤ-ਛਾਤ, ਤੀਰਥ, ਵਰਤ, ਨੇਮ, ਮੜ੍ਹੀ, ਮਸਾਣਾਂ ਤੇ ਕਬਰਾਂ ਦੀ ਪੂਜਾ ਤੋਂ ਲੋਕਾਈ ਨੂੰ ਹਟਾ ਕੇ ਇਕ ਅਕਾਲ ਪੁਰਖ ਦੇ ਸਿਮਰਨ ਨਾਲ ਜੋੜਿਆ। ਉਨ੍ਹਾਂ ਕਿਹਾ ਅੱਜ ਸਾਨੂੰ ਲੋੜ ਹੈ, ਗੁਰੂ ਜੀ ਦੇ ਦਰਸਾਏ ਮਾਰਗ 'ਤੇ ਚੱਲਣ ਦੀ, ਉਨ੍ਹਾਂ ਕਿਹਾ ਕਿ ਬਾਣੀ ਦੇ ਨਾਲ ਜੁੜੋ ਤੇ ਸਿੱਖੀ ਵਾਲੇ ਬਣੋ। ਇਸ ਮੌਕੇ ਉਨ੍ਹਾਂ ਦੇਸ਼ - ਵਿਦੇਸ਼ਾਂ ਵਿਚ ਵਸਦੀ ਸਿੱਖ ਨਾਮ ਲੇਵਾ ਸੰਗਤ ਨੂੰ ਅੱਜ ਇਸ ਪਵਿੱਤਰ ਦਿਹਾੜੇ ਦਿਨ ਦੀ ਮੁਬਾਰਕਬਾਦ ਦਿੱਤੀ। ਸਟੇਜ ਦੀ ਸੇਵਾ ਦਰਸ਼ਨ ਸਿੰਘ ਡਰੋਲੀ ਭਾਈ ਨੇ ਨਿਭਾਈ।

ਇਸ ਮੌਕੇ ਹੈਡ ਗ੍ਰੰਥੀ ਸੁੱਚਾ ਸਿੰਘ ਤੋਂ ਇਲਾਵਾ ਭਾਈ ਸੁੱਖਾ ਸਿੰਘ ਮੋਗਾ, ਨੈਬ ਸਿੰਘ ਬਹੋਨਾ, ਭਾਈ ਚਮਕੌਰ ਸਿੰਘ ਚੰਦ ਪੁਰਾਣਾ ਅਜਮੇਰ ਸਿੰਘ, ਡਾਕਟਰ ਅਵਤਾਰ ਸਿੰਘ, ਗਿਆਨੀ ਗੁਰਦੀਪ ਸਿੰਘ ਲੰਗੇਆਣਾ ਅਤੇ ਵੱਡੀ ਗਿਣਤੀ ਵਿੱਚ ਸੰਗਤਾਂ ਅਤੇ ਸੇਵਾਦਾਰ ਹਾਜ਼ਰ ਸਨ।

Scanned with CamScanner




# ਟੂਣੇ ਦਾ ਇਤਿਹਾਸ !!!



ਅੱਜਕੱਲ੍ਹ ਟੂਣੇ ਨੂੰ ਇੱਕ ਬਹੁਤ ਖਤਰਨਾਕ ਸ਼ੈਅ ਮੰਨਿਆ ਜਾਂਦਾ ਹੈ। ਜੇਕਰ ਕਿਸੇ ਦੇ ਘਰ ਕੋਲ ਟੂਣਾ ਕੀਤਾ ਮਿਲ ਜਾਵੇ ਤਾਂ ਲੋਕ ਆਪਣੇ ਗੁਆਂਢੀਆਂ ਨੂੰ ਗਾਲ੍ਹਾਂ ਕੱਢਣ ਲੱਗਦੇ ਹਨ। ਪਰ ਸਾਡੇ ਪਖੰਡੀ ਸਾਧਾਂ ਨੇ ਅਤੇ ਅੰਧਵਿਸ਼ਵਾਸੀ ਲੋਕਾਂ ਨੇ ਟੂਣੇ ਦਾ ਜੋ ਮਤਲਬ ਅੱਜ ਸਮਝ ਲਿਆ ਅਤੇ ਸਮਝਾ ਦਿੱਤਾ ਅਸਲ ਵਿੱਚ ਟੂਣੇ ਦਾ ਮਤਲਬ ਉਹ ਨਹੀਂ ਸੀ।

ਪੁਰਾਣੇ ਜਮਾਨੇ ਵਿੱਚ ਟੂਣਾ ਵੀ ਇੱਕ ਬਹੁਤ ਜਰੂਰੀ ਅਤੇ ਮਨੁੱਖੀ ਭਲੇ ਲਈ ਕੀਤਾ ਜਾਂਦਾ ਸੀ, ਕਿਉਂਕਿ ਪੁਰਾਣੇ ਜਮਾਨੇ ਵਿੱਚ ਜਦੋਂ ਆਵਾਜਾਈ ਅਤੇ ਸੰਚਾਰ ਸਾਧਨ ਨਹੀਂ ਬਣੇ ਸਨ ਤਾਂ ਜਦੋਂ ਕੋਈ ਵਿਅਕਤੀ ਬਿਮਾਰ ਹੋ ਜਾਂਦਾ ਸੀ ਤਾਂ ਕਈ ਵਾਰ ਵੈਦ ਜਾਂ ਹਕੀਮ ਬਹੁਤ ਦੂਰ ਹੁੰਦਾ ਸੀ ਅਤੇ ਵੈਦ ਹਕੀਮ ਨੂੰ ਲੱਭਣਾ ਅਤੇ ਉਸ ਤੱਕ ਪਹੁੰਚਣ ਵਿੱਚ ਕਾਫੀ ਦੇਰ ਹੋ ਜਾਂਦੀ ਸੀ। ਇਸ ਕਰਕੇ ਲੋਕਾਂ ਨੇ ਵੈਦ ਕੋਲ ਮਰੀਜ਼ ਬਾਰੇ ਆਪਣਾ ਸੁਨੇਹਾ ਪਹੁੰਚਦਾ ਕਰਨ ਲਈ ਟੂਣਾ ਕਰਨ ਦਾ ਤਰੀਕਾ ਅਪਣਾਇਆ।

ਜੇਕਰ ਕਿਸੇ ਇਲਾਕੇ ਵਿੱਚ ਕੋਈ ਸਿਰ ਦਾ ਕੋਈ ਮਰੀਜ਼ ਹੁੰਦਾ ਸੀ ਤਾਂ ਉਸ ਘਰ ਵਾਲੇ ਆਪਣੇ ਘਰ ਤੋਂ ਨੇੜਲੇ ਚੌਂਕ ਵਿੱਚ ਇੱਕ ਨਾਰੀਅਲ ਰੱਖ ਦਿੰਦੇ ਸਨ। ਅਤੇ ਉਸ ਚੌਂਕ ਵਿੱਚੋਂ ਲੰਘਣ ਵਾਲੇ ਲੋਕ ਅੱਗੇ ਦੇ ਲੋਕਾਂ ਨੂੰ ਦੱਸਦੇ ਰਹਿੰਦੇ ਸਨ ਕਿ ਫਲਾਨੇ ਚੌਂਕ ਵਿੱਚ ਟੂਣਾ ਪਿਆ ਹੈ। ਇਸ ਤਰ੍ਹਾਂ ਇੱਕ ਦੋ ਦਿਨ ਵਿੱਚ ਇਹ ਖਬਰ ਵੈਦ ਹਕੀਮ ਕੋਲ ਪਹੁੰਚ ਜਾਂਦੀ ਸੀ, ਅਤੇ ਉਹ ਵੀ ਟੂਣੇ ਬਾਰੇ ਪੁੱਛਦਾ ਹੋਇਆ ਉਸ ਟੂਣੇ ਕੋਲ ਪਹੁੰਚ ਜਾਂਦਾ ਸੀ ਅਤੇ ਉੱਥੋਂ ਮਰੀਜ਼ ਦਾ ਘਰ ਪੁੱਛ ਕੇ ਮਰੀਜ਼ ਦਾ ਇਲਾਜ ਕਰਦਾ ਸੀ। ਇਸ ਤਰ੍ਹਾਂ ਜੇਕਰ ਕਿਸੇ ਇਲਾਕੇ ਵਿੱਚ ਪੇਟ ਦਾ ਮਰੀਜ਼ ਹੁੰਦਾ ਸੀ ਤਾਂ ਨੇੜਲੇ ਚੌਂਕ ਵਿੱਚ ਅਨਾਜ, ਅਤੇ ਦਾਲਾਂ ਆਦਿ ਮਿਲਾ ਕੇ ਰੱਖੀਆਂ ਜਾਂਦੀਆਂ ਸਨ। ਜੇਕਰ ਮਰੀਜ਼ ਨੂੰ ਪੀਲੀਆ ਆਦਿ ਹੁੰਦਾ ਸੀ ਤਾਂ ਅਨਾਜ ਨਾਲ ਹਲਦੀ ਵੀ ਰੱਖ ਦਿੰਦੇ ਸਨ। ਜੇਕਰ ਮਰੀਜ਼ ਕੋਈ ਔਰਤ ਹੁੰਦੀ ਸੀ ਤਾਂ ਸਿਰ ਦਾ ਪ੍ਰਤੀਕ ਤਾਂ ਨਾਰੀਅਲ ਹੁੰਦਾ ਸੀ, ਅਤੇ ਪੇਟ ਦੀ ਬਿਮਾਰੀ ਲਈ ਅਨਾਜ ਰੱਖ ਕੇ ਔਰਤ ਦਾ ਪ੍ਰਤੀਕ ਦੱਸਣ ਲਈ ਉਸਦੀਆਂ ਵੰਗਾਂ (ਚੂੜੀਆਂ), ਸ਼ੀਸ਼ਾ, ਕਾਜਲ ਜਾਂ ਸੁਰਮਾ, ਅਤੇ ਉਸਦੇ ਸ਼ਿੰਗਾਰ ਦੀਆਂ ਚੀਜ਼ਾਂ ਰੱਖ ਦਿੰਦੇ ਸਨ, ਤਾਂ ਕਿ ਹਕੀਮ ਨੂੰ ਪਤਾ ਲੱਗ ਸਕੇ ਕਿ ਮਰੀਜ਼ ਕੋਈ ਔਰਤ ਹੈ।

ਜੇਕਰ ਮਰੀਜ਼ ਕੋਈ ਬੱਚਾ ਹੁੰਦਾ ਸੀ ਤਾਂ ਟੂਣੇ ਦੇ ਨਾਲ ਕੁਝ ਖਿਡੌਣੇ ਆਦਿ ਰੱਖੇ ਜਾਂਦੇ ਸਨ। ਇਸ ਤਰ੍ਹਾਂ ਇਹ ਟੂਣਾ ਪੁਰਾਣੇ ਜਮਾਨੇ ਵਿੱਚ ਲੋਕਾਂ ਦੀ ਬਹੁਤ ਸੇਵਾ ਕਰਿਆ ਕਰਦਾ ਸੀ। ਪਰ ਸੰਚਾਰ ਸਾਧਨ ਅਤੇ ਆਵਾਜਾਈ ਦੇ ਸਾਧਨ ਵਿਕਸਿਤ ਹੋਣ ਕਰਕੇ ਇਸਦੀ ਅਸਲੀ ਵਰਤੋਂ ਤਾਂ ਬੰਦ ਹੋ ਗਈ ਅਤੇ ਅਸੀਂ ਅੱਜ ਦੇ ਸਮੇਂ ਵਿੱਚ ਡਾਕਟਰ ਕੋਲ ਪਹੁੰਚਣ ਲਈ ਟੈਲੀਫੋਨ ਅਤੇ ਆਵਾਜਾਈ ਦੇ ਸਾਧਨ ਵਰਤਦੇ ਹਾਂ। ਪਰ ਕੁਝ ਪਖੰਡੀ ਲੋਕਾਂ ਨੇ ਆਪਣਾ ਪਖੰਡ ਦਾ ਕਾਰੋਬਾਰ ਚਲਾਉਣ ਲਈ ਟੂਣੇ ਨੂੰ ਬਦਨਾਮ ਅਤੇ ਡਰਾਉਣਾ ਬਣਾ ਦਿੱਤਾ। ਜੇਕਰ ਕੋਈ ਅੰਧਵਿਸ਼ਵਾਸੀ ਵਿਅਕਤੀ ਕਿਸੇ ਪਖੰਡੀ ਸਾਧ ਕੋਲ ਜਾਂਦਾ ਹੈ ਤਾਂ ਉਸ ਵਿਅਕਤੀ ਦੀ ਸਮੱਸਿਆ ਦਾ ਹੱਲ ਕਰਨ ਲਈ ਉਹ ਪਖੰਡੀ ਸਾਧ ਉਸਨੂੰ ਕੁਝ ਵਸਤਾਂ ਕਿਸੇ ਚੌਂਕ ਆਦਿ ਵਿੱਚ ਰੱਖਣ ਲਈ ਕਹਿੰਦਾ ਹੈ ਅਤੇ ਜਿਸਦੇ ਘਰ ਕੋਲ ਉਹ ਚੌਂਕ ਹੁੰਦਾ ਹੈ ਉਹ ਕਿਸੇ ਵਿਅਕਤੀ ਉੱਪਰ ਸ਼ੱਕ ਕਰਕੇ ਉਸ ਨਾਲ ਲੜਾਈ ਝਗੜਾ ਕਰਦਾ ਹੈ। ਸੋ ਸਾਨੂੰ ਇਹਨਾਂ ਪਖੰਡੀ ਸਾਧਾਂ ਦੇ ਇਹਨਾਂ ਪਖੰਡਾਂ ਤੋਂ ਬਚਣ ਦੀ ਲੋੜ ਹੈ, ਤਾਂ ਕਿ ਅਸੀਂ ਆਪਣੀ ਆਰਥਿਕ ਅਤੇ ਮਾਨਸਿਕ ਲੁੱਟ ਹੋਣ ਤੋਂ ਬਚਾ ਸਕੀਏ।

## ਕੁਰਸੀ



ਸ਼ਮਾ ਤੇ ਪਰਵਾਨੇ ਮਰਦੇ,
ਤਿਤਲੀ ਫੁੱਲਾਂ ਤੇ ਮਰਦੀ ਐ।
ਭੁੱਖੀ ਮਰਦੀ ਦੇਸ਼ ਦੀ ਜਨਤਾ,
ਕੁਰਸੀ ਐਸ਼ਾਂ ਕਰਦੀ ਐ।

ਚੋਰਾਂ ਦੇ ਨਾਲ ਕੁੱਤੀ ਰਲਗੀ,
ਬਾੜ ਖਾਂਦੀ ਹੈ ਖੇਤ ਨੂੰ।
ਲੁਚੇ ਲੰਡੇ ਬਣੇ ਚੌਧਰੀ,
ਨੱਪੀ ਆਉਂਦੇ ਰੇਸ ਨੂੰ।
ਜਬਰ ਜੁਲਮ ਦੀ ਗੱਡੀ ਤਾ ਹੁਣ,
ਲੱਗਦੀ ਨਾ ਹੁਣ ਖੜਦੀ ਐ।
ਭੁੱਖੀ ਮਰਦੀ ਦੇਸ਼ ਦੀ ਜਨਤਾ,
ਕੁਰਸੀ ਐਸ਼ਾਂ ਕਰਦੀ ਐ।



ਸੜਕਾਂ ਉਤੇ ਇੱਜਤ ਰੁਲਦੀ,
ਧੀਆਂ, ਭੈਣਾ, ਮਾਂਵਾ ਦੀ।
ਰੁੱਖ ਵੱਢ ਤੇ ਜਿਨ੍ਹਾ ਇਥੇ,
ਗੱਲ ਕਰਦੇ ਉਹ ਛਾਵਾਂ ਦੀ।
ਇੱਕ ਤੱਕੜੀ ਦੇ ਚੱਟੇ-ਵੱਟੇ,
ਵੱਖੋ-ਵੱਖਰੀ ਵਰਦੀ ਐ।
ਭੁੱਖੀ ਮਰਦੀ ਦੇਸ਼ ਦੀ ਜਨਤਾ,
ਕੁਰਸੀ ਐਸ਼ਾਂ ਕਰਦੀ ਐ।



ਨਸ਼ਾ ਵੇਚਦੇ ਚਿੱਟਾ ਕਹਿਕੇ,
ਪੈਸਾ ਰੱਖਣ ਕਾਲਾ ਜੀ।
ਧਰਮ ਅਸਥਾਨਾਂ ਉਤੇ ਬਹਿ ਕੇ,
ਕਰਦੇ ਘਾਅਲਾ ਮਾਲਾ ਜੀ।
ਰੱਬ ਸਾਹਮਣੇ ਪਾਪ ਕਮਾਉਂਦੀ,
ਰੂਹ ਭੋਰਾ ਨਾ ਡਰਦੀ ਐ।
ਭੁੱਖੀ ਮਰਦੀ ਦੇਸ਼ ਦੀ ਜਨਤਾ,
ਕੁਰਸੀ ਐਸ਼ਾਂ ਕਰਦੀ ਐ।



'ਪਰਦੀਪ ਯਾਰ' ਦੱਸ ਕਿੱਥੇ ਜਾਣਾ,
ਪਰਜਾ ਦੁੱਖਾਂ ਮਾਰੀ ਨੇ।
ਇੱਕ ਤੰਗੀ ਮਹਿਗਾਈ ਦੀ,
ਤੇ ਉਤੋਂ ਬੇਰੁਜਗਾਰੀ ਨੇ।
ਲੱਕ ਤੋੜਵੀ ਮਿਹਨਤ ਕਰਕੇ,
ਢਿੱਡ ਹਵਾ ਨਾਲ ਭਰਦੀ ਐ।
ਭੁੱਖੀ ਮਰਦੀ ਦੇਸ਼ ਦੀ ਜਨਤਾ,
ਕੁਰਸੀ ਐਸ਼ਾਂ ਕਰਦੀ ਐ।

- ਯਾਰ ਪਰਦੀਪ
ਕੈਂਸਰ ਕੰਟਰੋਲ ਸੈੱਲ
ਸਿਹਤ ਅਤੇ ਪਰਿਵਾਰ ਭਲਾਈ
(ਪੰਜਾਬ) ਚੰਡੀਗੜ੍ਹ
ਮੋ: 98559-00789




## ਅਧੂਰਾ ਸੁਫ਼ਨਾ

ਬਿਨ ਤੇਰੇ ਇਹ ਜ਼ਿੰਦਗੀ ਮੇਰੀ,
ਜਿਉਂ ਪਾਣੀ ਦੇ ਮੱਛੀ।

ਤੂੰ ਗਲ ਦਿਲ ਦੀ ਦਿਲ ਵਿਚ ਰੱਖੇ,
ਪਰ ਅਸੀਂ ਤਾਂ ਮੂੰਹ ਤੇ ਦੱਸੀ।

ਭਾਵੇਂ ਤੈਨੂੰ ਬੁਰੀ ਪਈ ਲੱਗੇ,
ਤੇ ਭਾਵੇਂ ਲੱਗੀ ਅੱਛੀ।

ਰਾਜ ਬਹੁਤਾ ਚਿਰ ਰਾਜ ਨਾ ਰਹਿੰਦੇ,
ਭਾਵੇਂ ਕੰਧਾਂ ਦੇ ਕੋਲ ਕਹੀਏ।

ਇਕ ਨਾ ਇਕ ਦਿਨ ਖੁੱਲ ਹੀ ਜਾਂਦੇ,
ਭਾਵੇਂ ਗੱਠ ਜੜੀ ਬੰਨਕੇ ਬਹੀਏ।



ਏਦੂੰ ਚੰਗਾ ਹਾਲ ਦਿਲ ਦਾ,
ਜਾ ਸੱਜਣਾ ਨੂੰ ਕਹੀਏ।

ਅਸੀਂ ਤਾਂ ਇਹੀ ਸੋਚ ਕੇ ਤੈਨੂੰ,
ਗੱਲ ਸੁਣਾ ਤੀ ਸਾਰੀ।

ਹੁਣ ਤੂੰ ਵੇ ਦੱਸ ਬੋਲ ਕੇ,
ਆਈ ਤੇਰੀ ਬਾਰੀ।

ਐਵੇਂ ਤਾਂ ਨਹੀਂ ਅੱਗ ਇਸ਼ਕ ਦੀ,
ਕੱਲੇ ਬੈਠੇ ਬਾਲੀ।

ਕਿਉਂਕਿ ਇੱਕ ਦੀਵੇ ਨਾਲ ਕਦੇ,
ਸੋਂਹਦੀ ਨਹੀਂ ਦੀਵਾਲੀ।

ਜਦੋਂ ਨੂੰ ਸੂਹੇ ਬੁਲ ਸੋਹਣੀ ਦੇ,
ਕੁਝ ਤਾਂ ਆਖਣ ਲੱਗੇ।



ਇੰਨੇ ਚਿਰ ਨੂੰ ਖਿੱਚ ਰਜਾਈ
ਘਰ ਦੇ ਆਖਣ ਲੱਗੇ।

ਸੁੱਤਾਂ ਪਿਆਂ ਬਾਰਾਂ ਵੱਜ ਗਏ,
ਸ਼ਰਮ ਨੀ ਆਉਂਦੀ ਤੈਨੂੰ।

ਉੱਠ ਕੇ ਛੱਕਾ ਕੰਮ ਤਾਂ ਕਰਲੇ,
ਕੀ ਹੋਇਆ ਏ ਤੈਨੂੰ।

ਫਿਰ ਸੱਜਣ ਜੀ ਸੱਧਰਾਂ ਮੇਰੀਆਂ,
ਚਕਨਾ ਚੂਰ ਤਾਂ ਹੋਣੀਆਂ।

ਰਾਤ ਵਾਲੇ ਉਹ ਖਾਬ 'ਪਵਨ' ਲੈ,
ਦਿਨੇ ਵੀ ਅੱਖੀਆਂ ਰੋਈਆਂ।

- ਪਵਨ ਟੰਡਨ, ਕੈਨੇਡਾ

ਪੰਜਾਬੀ ਵਿਰਾਸਤ, ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਭਾਸ਼ਾ



## ਕੀ ਤੁਹਾਨੂੰ ਪਤਾ ਹੈ
## ਸਾਡਾ ਪੰਜਾਬੀ ਵਿਰਸਾ



010

ਪੇਸ਼ਕਸ਼: ਭਵਨਦੀਪ ਸਿੰਘ ਪੁਰਬਾ
(ਮੁੱਖ ਸੰਪਾਦਕ: 'ਮਹਿਕ ਵਤਨ ਦੀ ਲਾਈਵ' ਬਿਓਰੋ)

01. ਕਿਸੇ ਚੀਜ ਨੂੰ ਸੰਕੋਚ ਕੇ ਵਰਤਣ ਨੂੰ 'ਸਰਫਾ ਕਰਨਾ' ਕਹਿੰਦੇ ਹਨ।
02. ਕਿਸੇ ਨਾਲ ਕਿਸੇ ਕਿਸਮ ਦਾ ਕੋਈ ਵਾਅਦਾ ਜਾਂ ਕਰਾਰ ਕਰਨ ਨੂੰ 'ਕੌਲ' ਕਰਨਾ ਕਹਿੰਦੇ ਹਨ।



03. ਖਾਹਸ਼, ਇੱਛਾ, ਚਾਹਤ ਨੂੰ 'ਤਾਂਘ' ਕਹਿੰਦੇ ਹਨ।
04. ਬਹੁਤ ਖੁਸ਼ ਹੋ ਜਾਣ ਨੂੰ 'ਨਿਹਾਲ ਹੋ ਜਾਣਾ' ਕਹਿੰਦੇ ਹਨ।
05. 'ਚੁਫੇਰੇ' ਦਾ ਮਤਲਬ ਚਾਰੇ ਪਾਸੇ (ਚਾਰੇ ਦਿਸ਼ਾਵਾਂ ਵਿੱਚ)
06. ਕਿਸੇ ਦੀ ਮੌਤ ਸਮੇਂ ਜੋ ਰਾਸ਼ਨ ਕੁੜਮ / ਕੁੜੀ ਦੇ ਮਾਪੇ ਲੈ ਕੇ ਜਾਂਦੇ ਹਨ ਉਸ ਨੂੰ 'ਲੱਧਾ' ਕਹਿੰਦੇ ਹਨ।
07. ਜੁਦਾ ਹੋਣਾ, ਇੱਕ ਦੂਜੇ ਤੋਂ ਅਲੱਗ ਜਾਂ ਦੂਰ ਹੋ ਜਾਣ ਨੂੰ 'ਨਿਖੜਣਾ' ਕਹਿੰਦੇ ਹਨ।
08. ਭੇਦ ਦੀ ਗੱਲ ਨੂੰ 'ਰਮਜ' ਕਿਹਾ ਜਾਦਾ ਹੈ।



09. 'ਖੋਲੀਆਂ' ਮੱਝਾਂ ਨੂੰ ਕਿਹਾ ਜਾਂਦਾ ਹੈ।
10. ਕਈ ਵਾਰ ਦਾਲ ਵਿੱਚ ਇੱਕ ਬਰੀਕ ਜਿਹਾ ਕਰੜਾ ਕੰਕਰ ਆ ਜਾਂਦਾ ਹੈ ਜਿਸ ਨੂੰ 'ਕੋਕੜੂ' ਕਹਿੰਦੇ ਹਨ।

ਸਾਡੇ ਇਸ ਕਾਲਮ ਪ੍ਰਤੀ ਰਾਇ/ ਸਲਾਹ ਜਾਂ ਕੋਈ ਵਿਚਾਰ ਭੇਜਣ ਲਈ ਈ-ਮੇਲ ਅਤੇ ਵਟਸਐਪ ਨੰਬਰ

E-mail: mehakwattandi@rediffmail.com, Help Line: (+91)-9988-92-9988

Scanned with CamScanner

# ਸੁੰਨੀਆਂ ਸੱਥਾਂ ਤੇ ਸੁੰਨੇ ਵਿਹੜੇ ਬਿਨਾਂ ਬਜ਼ੁਰਗਾਂ ਦੇ...

– ਪਰਮਜੀਤ ਕੌਰ ਸਰਹਿੰਦ
#209, ਪ੍ਰੀਤ ਨਗਰ, ਬਸੀ ਰੋਡ ਸਰਹਿੰਦ
ਜ਼ਿਲ੍ਹਾ ਫਤਹਿਗੜ੍ਹ ਸਾਹਿਬ -140 406 (ਪੰਜਾਬ)
98728–98599





ਅਜੋਕੇ ਪਦਾਰਥਵਾਦੀ ਯੁੱਗ ਵਿੱਚ ਘਰ-ਪਰਿਵਾਰ ਤੋਂ ਲੈ ਕੇ ਨੇੜਲੇ ਰਿਸ਼ਤੇ-ਨਾਤਿਆਂ ਤੇ ਭਾਈਚਾਰਕ ਸਾਂਝ ਵਿੱਚ ਬਹੁਤ ਤ੍ਰੇੜਾਂ ਆ ਚੁੱਕੀਆਂ ਹਨ ਅਤੇ ਸੋਨ-ਸੁਨਹਿਰੀ ਸਾਕ-ਸਕੀਰੀਆਂ ਵੀ ਧੁੰਦਲੀਆਂ ਪੈ ਗਈਆਂ ਹਨ। ਮੌਜੂਦਾ ਸਮੇਂ ਜੋ ਦੁਰਦਸ਼ਾ ਸਾਡੇ ਕੁਝ ਬਜ਼ੁਰਗਾਂ ਦੀ ਹੈ, ਉਹ ਦੁਖਦਾਇਕ ਤਾਂ ਹੈ ਹੀ ਸ਼ਰਮਨਾਕ ਵੀ ਹੈ। ਕਿਹਾ ਜਾਂਦਾ ਹੈ ਕਿ ਜਿਸ ਘਰ ਵਿੱਚ ਬਜ਼ੁਰਗ ਹੋਣ ਉਸ ਪਰਿਵਾਰ ਦੇ ਜੀਆਂ ਨੂੰ ਤੀਰਥਾਂ 'ਤੇ ਜਾਣ ਦੀ ਲੋੜ ਨਹੀਂ, ਪਰ ਅੱਜ ਉਹ ਜ਼ਮਾਨੇ ਲੱਦ ਗਏ। ਪਹਿਲਾਂ ਲੋਕ ਭੋਲੇ-ਭਾਲੇ ਤੇ ਸੱਚੀਆਂ-ਸੁੱਚੀਆਂ ਰੂਹਾਂ ਵਾਲੇ ਸਨ। ਅੱਜ ਇਹ ਗੱਲਾਂ ਅਲੋਕਾਰ ਜਿਹੀਆਂ ਲੱਗਦੀਆਂ ਹਨ। ਹੁਣ ਬਜ਼ੁਰਗਾਂ ਦੀ ਸੇਵਾ ਨਹੀਂ ਬਲਕਿ ਬੇਕਦਰੀ ਹੋ ਰਹੀ ਹੈ।

ਇੱਕ ਸਮਾਂ ਸੀ ਜਦੋਂ ਧੀ-ਭੈਣ ਦਾ ਰਿਸ਼ਤਾ ਕਰਨਾ ਹੁੰਦਾ ਤਾਂ ਇਹ ਗੱਲ ਸੋਚੀ ਜਾਂਦੀ ਕਿ ਪਰਿਵਾਰ ਵਿੱਚ ਕੋਈ ਬਜ਼ੁਰਗ ਜ਼ਰੂਰ ਹੋਵੇ। ਅੱਜ ਤਾਂ ਇਹ ਸੋਚ ਹੈ ਕਿ ਮੁੰਡਾ ਇਕੱਲਾ ਹੋਵੇ ਤਾਂ ਚੰਗਾ ਹੈ। ਧੀਆਂ-ਭੈਣਾਂ ਵੀ ਚਾਹੁੰਦੀਆਂ ਹਨ, "ਮੈਂ ਤੇ ਮੇਰਾ ਮੁਣਸੀ, ਤੀਜੇ ਦਾ ਮੂੰਹ ਝੁਲਸੀਂ।" ਚਾਰ-ਪੰਜ ਦਹਾਕੇ ਪਹਿਲਾਂ ਸੰਯੁਕਤ ਪਰਿਵਾਰ ਵਿੱਚ ਪੰਦਰਾਂ-ਵੀਹ ਮੈਂਬਰ ਹੁੰਦੇ। ਓਦੋਂ ਪਿੰਡਾਂ ਵਿੱਚ ਕਿਸਾਨੀ ਹੀ ਮੁੱਖ ਕਿੱਤਾ ਸੀ ਜਾਂ ਕਿਸੇ ਪਰਿਵਾਰ ਵਿੱਚੋਂ ਕੋਈ ਫ਼ੌਜ, ਪੁਲੀਸ ਜਾਂ ਮਾਲ ਦੇ ਮਹਿਕਮੇ ਦਾ ਪਟਵਾਰੀ ਜਾ ਲੱਗਦਾ। ਜੋ ਘਰ ਤੋਂ ਬਾਹਰ ਨੌਕਰੀ ਕਰਦੇ, ਉਨ੍ਹਾਂ ਦੇ ਪਰਿਵਾਰ ਘਰ ਵਿੱਚ ਬਜ਼ੁਰਗਾਂ ਦੀ ਛਤਰ ਛਾਇਆ ਹੇਠ ਹੀ ਰਹਿੰਦੇ। ਘਰ ਦੇ ਵੱਡੇ ਬਜ਼ੁਰਗ ਨੂੰ 'ਲਾਣੇਦਾਰ' ਕਿਹਾ ਜਾਂਦਾ ਤੇ ਉਹਦਾ ਰੋਹਬ ਥਾਣੇਦਾਰ ਜਿੰਨਾ ਹੁੰਦਾ। ਅਫ਼ਸੋਸ ਇਸ ਗੱਲ ਦਾ ਹੈ ਕਿ ਅੱਜ ਨਾ ਲਾਣੇਦਾਰ ਦਾ ਦਬਕਾ ਰਿਹਾ ਤੇ ਨਾ ਠਾਣੇਦਾਰ ਦਾ। ਜੇ ਦਬਕਾ ਪੈਂਦਾ ਹੈ ਤਾਂ ਸਿਰਫ਼ 'ਚਾਂਦੀ ਦੀ ਜੁੱਤੀ' ਦਾ।

ਪਹਿਲਾਂ ਬਜ਼ੁਰਗ ਸਖ਼ਤ ਮਿਹਨਤ ਕਰਦੇ ਤੇ ਉਨ੍ਹਾਂ ਦੀ ਬੜੀ ਚੰਗੀ ਸਿਹਤ ਹੁੰਦੀ। ਜਦੋਂ ਉਹ ਉਮਰ ਦੇ ਹਿਸਾਬ ਨਾਲ ਔਖੇ-ਭਾਰੇ ਕੰਮ ਕਰਨ ਤੋਂ ਰਹਿ ਜਾਂਦੇ ਤਾਂ ਵੀ ਉਨ੍ਹਾਂ ਦੀ ਲਾਣੇਦਾਰੀ ਜਾਂ ਮੁਖ਼ਤਿਆਰੀ ਕਾਇਮ ਰਹਿੰਦੀ। ਘਰ ਦੇ ਵਿਹੜੇ ਵਿੱਚ ਸੂਤ ਜਾਂ ਵਾਣ ਦੇ ਮੰਜੇ 'ਤੇ ਬੈਠੇ ਉਹ ਕੰਮਕਾਰ ਤੇ ਪਰਿਵਾਰ ਦਾ ਪੂਰਾ ਧਿਆਨ ਰੱਖਦੇ। ਸਾਦਾ ਜਿਹਾ ਖੂੰਡਾ ਉਹ ਜ਼ਰੂਰ ਆਪਣੇ ਹੱਥ ਵਿੱਚ ਜਾਂ ਮੰਜੇ ਦੀ ਬਾਹੀ ਨਾਲ ਖੜ੍ਹਾ ਰੱਖਦੇ। ਕੋਈ ਸ਼ੌਕੀਨ ਬਾਬਾ ਪਿੱਤਲ ਦੇ ਸੰਮਾਂ ਵਾਲਾ ਸੋਹਣਾ ਖੂੰਡਾ ਹੱਥ 'ਚ ਰੱਖਦਾ ਜਿਸ ਵਿਚ ਪਿੱਤਲ ਦੇ ਕਿੱਲ-ਕੋਕੇ ਜੜੇ ਹੁੰਦੇ। ਕੰਮ ਤੋਂ ਵਿਹਲੇ ਹੋ ਚੁੱਕੇ ਇਨ੍ਹਾਂ ਬਗੈਰ ਪੈਨਸ਼ਨ ਵਾਲੇ ਮਾਪਿਆਂ ਦਾ ਪੂਰਾ ਆਦਰ ਹੁੰਦਾ। ਇਨ੍ਹਾਂ ਨੂੰ ਮੰਜੇ ਉੱਤੇ ਬੈਠਿਆਂ ਨੂੰ ਚਾਹ-ਪਾਣੀ ਤੇ ਰੋਟੀ ਵੇਲੇ ਸਿਰ ਪੁੱਜਦੀ।

ਇਹ ਬਜ਼ੁਰਗ ਖੁੱਲ੍ਹੇ ਘਰਾਂ ਦਾ ਹਿਫ਼ਾਜ਼ਤੀ ਜਿੰਦਰੇ ਹੁੰਦੇ ਸਨ। ਇਹ ਸਿਆਣੇ ਘਰ-ਪਰਿਵਾਰ ਲਈ ਜਿਵੇਂ ਇੱਕ ਸੰਘਣੀ ਵਾੜ ਹੋ ਨਿੱਬੜਦੇ ਸਨ। ਜ਼ਮਾਨੇ ਦੀਆਂ ਮਾੜੀਆਂ-ਭੈੜੀਆਂ ਤੇ ਤੱਤੀਆਂ-ਠੰਢੀਆ ਹਵਾਵਾਂ ਤੋਂ ਇਹ ਘਰ ਦੇ ਜੀਆਂ ਨੂੰ ਓਹਲਾ ਕਰੀ ਰੱਖਦੇ ਸਨ। ਅੱਜ ਸਾਡੀਆਂ ਨੈਤਿਕ ਕਦਰਾਂ ਕੀਮਤਾਂ ਤੇ ਰਿਸ਼ਤਿਆਂ ਵਿੱਚ ਜੋ ਨਿਘਾਰ ਆਇਆ ਹੈ ਇਸ ਦਾ ਬਹੁਤ ਵੱਡਾ ਕਾਰਨ ਇਸ ਓਟ ਦਾ ਸਾਡੇ ਘਰ ਦੁਆਲਿਓਂ ਹਟ ਜਾਣਾ, ਅਸਲ ਵਿੱਚ ਹਟਾ ਦਿੱਤਾ ਜਾਣਾ ਵੀ ਹੈ।

ਪੁਰਾਣੇ ਵੇਲਿਆਂ 'ਚ ਕਈ ਘਰਾਂ ਵਿੱਚ ਬਜ਼ੁਰਗ ਔਰਤਾਂ ਦਾ ਵੀ ਬੜਾ ਦਾਬਾ ਹੁੰਦਾ ਤੇ ਉਸ ਸਿਆਣੀ ਔਰਤ ਨੂੰ 'ਲਾਣੇਦਾਰਨੀ' ਦਾ ਰੁਤਬਾ ਹਾਸਲ ਹੁੰਦਾ। ਅੱਜ ਇਕੱਲੇ-ਇਕਹਿਰੇ ਪਰਿਵਾਰਾਂ ਵਿੱਚ ਸਾਡੇ ਕੋਲੋਂ ਆਪਣੇ ਢਾਈ ਟੋਟਰੂ ਕਾਬੂ ਨਹੀਂ ਆਉਂਦੇ। ਧੰਨ ਸਨ ਉਹ ਖੂੰਡੇ ਵਾਲੇ ਜਿਹੜੇ ਵੀਹ-ਵੀਹ ਜੀਆਂ ਨੂੰ ਕਾਬੂ ਰੱਖਦੇ ਸਨ ਤੇ ਉਹ ਵੀ ਬਿਨਾਂ ਖੂੰਡਾ ਖੜਕਾਏ। ਇਨ੍ਹਾਂ ਕੋਲੋਂ ਘਰ ਦੀਆਂ ਹੀ ਨਹੀਂ ਗਲੀ-ਵਿਹੜੇ ਦੀਆਂ ਧੀਆਂ-ਨੂੰਹਾਂ ਵੀ ਝਿਜਕਦੀਆਂ ਤੇ ਮਨ ਤੋਂ ਉਨ੍ਹਾਂ ਦਾ ਸਤਿਕਾਰ ਕਰਦੀਆਂ ਸਨ। ਜਦੋਂ ਇਹ ਬਜ਼ੁਰਗ ਪਿੰਡ ਦੇ ਦਰਵਾਜ਼ੇ ਜਾਂ ਕਿਸੇ ਪਿੱਪਲ-ਬਰੋਟੇ ਦੀ ਛਾਂ ਵਾਲੀ ਸੱਥ ਵਿੱਚ ਇਕੱਠੇ ਬੈਠੇ ਹੁੰਦੇ ਤਾਂ ਔਰਤਾਂ ਉੱਥੋਂ ਲੰਘਣ ਤੋਂ ਪਹਿਲਾਂ ਜੇ ਸੌ ਵਾਰ ਨਹੀਂ ਪੰਜਾਹ ਵਾਰ ਜ਼ਰੂਰ ਸੋਚਦੀਆਂ ਅਤੇ ਘੁੰਡ ਤੇ ਘੱਗਰੇ ਤੋਂ ਬਿਨਾਂ ਉਨ੍ਹਾਂ ਦੇ ਸਾਹਮਣੇ ਨਾ ਹੁੰਦੀਆਂ। ਕੋਈ ਨਵੀਂ-ਨਵੇਲੀ ਪਿੰਡ ਦੀ ਨੂੰਹ ਬਦਲਦੇ ਸਮੇਂ ਨਾਲ ਜੇ ਪੇਕਿਆਂ ਤੋਂ ਸੂਟ ਪਾ ਕੇ ਆ ਜਾਂਦੀ ਤਾਂ ਉਹ ਪਿੰਡ ਦੀ ਹੱਦ 'ਚ ਨਾ ਵੜਦੀ। ਉਹਨੂੰ ਲੈ ਕੇ ਆਇਆ ਉਸ ਦਾ ਕੋਈ ਸਕਾ ਸਬੰਧੀ ਪਹਿਲਾਂ ਘਰ ਪੁੱਜਦਾ। ਫਿਰ ਘਰੋਂ ਕਿਸੇ ਕੁੜੀ-ਕੱਤਰੀ ਨੂੰ ਘੱਗਰਾ ਅਤੇ ਇੱਕ ਚਾਦਰ ਜਾਂ ਵੱਡਾ ਦੁਪੱਟਾ ਦੇ ਕੇ ਭੇਜਿਆ ਜਾਂਦਾ ਤਾਂ ਉਹ ਮੁਟਿਆਰ ਘੱਗਰਾ ਪਾ ਕੇ ਤੇ ਦੂਹਰਾ ਦੁਪੱਟਾ ਲੈ ਕੇ ਪਿੰਡ 'ਚ ਵੜਦੀ।


ਪਿਛਲੇ ਸਮਿਆਂ ਵਿੱਚ ਜੇ ਕਿਸੇ ਪਰਿਵਾਰ ਵਿੱਚੋਂ ਕੋਈ ਮਾਪਿਆਂ ਨਾਲੋਂ ਅਲੱਗ ਹੋ ਜਾਂਦਾ ਸੀ ਤਾਂ ਸ਼ਰੀਕਾ-ਭਾਈਚਾਰਾ ਕਿਸੇ ਮਨ-ਮੁਟਾਓ ਹੋਣ ਵੇਲੇ ਉਸ ਨੂੰ ਮਿਹਣਾ ਮਾਰਨ ਤੋਂ ਨਾ ਖੁੰਝਦਾ, 'ਤੂੰ ਕੀ ਬੋਲਣ ਜੋਗਾ ਏਂ, ਮਾਪਿਆਂ ਨੂੰ ਬੁੱਢੇ ਬਾਰੇ ਰੋਟੀ ਨਹੀਂ ਦੇ ਹੋਈ ਅੱਡ ਹੋ ਕੇ ਬੈਠ ਗਿਆ।' ਅੱਜ ਇਹ ਇੱਕ ਮਾਮੂਲੀ ਗੱਲ ਬਣ ਗਈ ਹੈ। ਵੱਡੇ ਪਰਿਵਾਰਾਂ ਵਿੱਚੋਂ ਕਿਸੇ ਇੱਕ ਦਾ ਵੱਖਰਾ ਹੋ ਜਾਣਾ ਤਾਂ ਸਮਝ ਆਉਂਦਾ ਹੈ, ਪਰ ਅੱਜ ਤਾਂ ਇੱਕ ਜਾਂ ਦੋ ਪੁੱਤਾਂ ਤੋਂ ਵੱਧ ਪਰਿਵਾਰ ਹੀ ਨਹੀਂ ਰਹੇ। ਉਨ੍ਹਾਂ ਵਿੱਚੋਂ ਕੁਝ ਰੋਜ਼ੀ-ਰੋਟੀ ਲਈ ਸ਼ਹਿਰੀਂ ਜਾਂ ਵਿਦੇਸ਼ੀਂ ਜਾ ਵੱਸੇ ਹਨ। ਕਈ ਬਜ਼ੁਰਗ ਤਾਂ ਧੀਆਂ-ਪੁੱਤਾਂ ਦੇ ਹੁੰਦਿਆਂ ਵੀ ਬਿਰਧ ਆਸ਼ਰਮਾਂ ਵਿੱਚ ਬੈਠੇ ਹਨ। ਔਲਾਦ ਵੱਲੋਂ ਕੀਤੀ ਜਾਂਦੀ ਬੇਕਦਰੀ ਤੇ ਬੇਅਦਬੀ ਉਨ੍ਹਾਂ ਬਜ਼ੁਰਗ ਮਾਪਿਆਂ ਨੂੰ ਘਰ ਛੱਡਣ ਲਈ ਬੇਵਸ ਕਰ ਦਿੰਦੀ ਹੈ ਜਿਹੜੇ ਆਪਣਾ ਘਰ ਛੱਡ ਕੇ ਛੇਤੀ ਕੀਤਿਆਂ ਰਿਸ਼ਤੇਦਾਰੀਆਂ ਵਿੱਚ ਵੀ ਨਹੀਂ ਸਨ ਜਾਂਦੇ।

ਕਿਹਾ ਜਾਂਦਾ ਹੈ ਕਿ ਪੁੱਤ ਕਪੁੱਤ ਹੋ ਜਾਂਦੇ ਹਨ, ਪਰ ਮਾਪੇ ਕੁਮਾਪੇ ਨਹੀਂ ਹੁੰਦੇ ਤੇ ਹਮੇਸ਼ਾਂ ਔਲਾਦ ਦਾ ਭਲਾ ਲੋਚਦੇ ਹਨ। ਜਿਨ੍ਹਾਂ ਧੀਆਂ ਨੂੰ ਮਾਪੇ ਜੰਮਦੀਆਂ ਨੂੰ ਜਾਂ ਕੁੱਖਾਂ 'ਚ ਮਾਰ ਰਹੇ ਹਨ, ਉਹੀ ਬਜ਼ੁਰਗ ਮਾਪਿਆਂ ਦੇ ਦੁੱਖ ਸੁਣਦੀਆਂ ਹਨ, ਪਰ ਕਲਯੁਗ ਵਿੱਚ ਵੀ ਕਈ ਸਤਿਯੁਗੀ ਮਾਪੇ ਵੱਸਦੇ ਹਨ ਜੋ ਪੁੱਤਾਂ ਦੀ ਇੱਜ਼ਤ ਰੱਖਣ ਲਈ ਧੀਆਂ ਦੇ ਬੂਹੇ ਨਹੀਂ ਜਾ ਬੈਠਦੇ ਅਤੇ ਭੁੱਖਾਂ-ਤੇਹਾਂ ਕੱਟਦੇ ਪੁੱਤਾਂ ਘਰੀਂ ਹੀ ਜੂਨ ਗੁਜ਼ਾਰਾ ਕਰੀ ਜਾਂਦੇ ਹਨ। ਬਿਰਧ ਘਰਾਂ ਵਿੱਚ ਬੇਸ਼ੱਕ ਬਜ਼ੁਰਗ ਆਪਣੇ ਵਰਗੇ ਦੁਖਿਆਰਿਆਂ ਨਾਲ ਦੁੱਖ ਵੰਡਾਉਂਦੇ ਚੰਗਾ ਖਾਂਦੇ-ਹੰਢਾਉਂਦੇ ਹਨ, ਪਰ ਉਨਾਂ ਦੇ ਧੁਰ ਅੰਦਰ ਜੋ ਬੇਘਰ ਹੋ ਜਾਣ ਦੀ ਪੀੜ ਹੁੰਦੀ ਹੈ ਉਸ ਦੀ ਕੋਈ ਦਵਾ ਨਹੀਂ। ਕਈ ਮਾਪੇ ਅਜਿਹੀ ਔਲਾਦ ਤੋਂ ਤੰਗ ਆ ਕੇ ਆਪਣੀ ਜ਼ਮੀਨ ਜਾਇਦਾਦ ਦਾਨ ਵੀ ਕਰ ਦਿੰਦੇ ਹਨ। ਇੱਕ ਹੋਰ ਰੁਝਾਨ ਵੀ ਇਨ੍ਹਾਂ ਇਕੱਲ ਦੇ ਮਾਰੇ ਬਜ਼ੁਰਗਾਂ ਵਿੱਚ ਦੇਖਿਆ ਜਾ ਰਿਹਾ ਹੈ ਕਿ ਕਈ ਬਜ਼ੁਰਗ ਆਪਣੀ ਅੰਤਿਮ ਅਰਦਾਸ ਲਈ ਕਰਵਾਇਆ ਜਾਣ ਵਾਲਾ ਪਾਠ ਵੀ ਜਿਉਂਦੇ ਜੀਅ ਹੀ ਕਰਵਾ ਦਿੰਦੇ ਹਨ।

ਉਨ੍ਹਾਂ ਬਜ਼ੁਰਗਾਂ ਦੀ ਹਾਲਤ ਵੀ ਬਹੁਤ ਤਰਸਯੋਗ ਹੈ ਜਿਨ੍ਹਾਂ ਦੇ ਬੱਚੇ ਵਿਦੇਸ਼ ਜਾ ਵੱਸੇ ਹਨ। ਫੋਕੀ ਸ਼ਾਨੋ-ਸ਼ੌਕਤ ਦੇ ਚੱਕਰ ਵਿੱਚ ਉਹ ਆਪਣੇ ਜੱਦੀ ਪਿੰਡ ਜਾਂ ਸ਼ਹਿਰ ਵਿੱਚ ਮਹਿਲਾਂ ਵਰਗੇ ਘਰ ਬਣਾ ਗਏ ਹਨ ਜਿੱਥੇ ਮਾਂ-ਬਾਪ ਇਕੱਲ ਦਾ ਸੰਤਾਪ ਭੋਗ ਰਹੇ ਹਨ। ਭਾਵੇਂ ਇਨ੍ਹਾਂ ਨੂੰ ਬੱਚਿਆਂ ਵੱਲੋਂ ਪੈਸੇ ਦੀ ਕੋਈ ਤੋਟ ਨਹੀਂ ਰਹਿੰਦੀ, ਪਰ ਉਹ ਪੈਸਾ ਹੀ ਇਨ੍ਹਾਂ ਮਾਪਿਆਂ ਦੀ ਜਾਨ ਦਾ ਦੁਸ਼ਮਣ ਹੋ ਨਿੱਬੜਦਾ ਹੈ। ਘਰ ਵਿੱਚ ਉਨ੍ਹਾਂ ਦੀ ਸੇਵਾ ਲਈ ਰੱਖਿਆ ਨੌਕਰ ਜਾਂ ਕੋਈ ਹੋਰ ਚੋਰ-ਲੁਟੇਰਾ, ਉਨ੍ਹਾਂ ਨੂੰ ਮਾਰ ਮੁਕਾਉਂਦਾ ਹੈ ਤੇ ਪੈਸਾ-ਗਹਿਣਾ ਲੁੱਟ ਕੇ ਲੈ ਜਾਂਦਾ ਹੈ। ਪਰਵਾਸੀ ਪੁੱਤਾਂ-ਨੂੰਹਾਂ ਜਾਂ ਧੀਆਂ ਦੇ ਮਾਪੇ ਆਪਣੇ ਜਿਗਰ ਦੇ ਟੁਕੜਿਆਂ ਦਾ ਰਾਹ ਵੇਖਦੇ ਹੀ ਜ਼ਿੰਦਗੀ ਦੇ ਆਖ਼ਰੀ ਦਿਨ ਗਿਣਦੇ ਇਸ ਦੁਨੀਆਂ ਤੋਂ ਰੁਖ਼ਸਤ ਹੋ ਜਾਂਦੇ ਹਨ। ਜੋ ਜਿਉਂਦੇ ਹਨ, ਉਨ੍ਹਾਂ ਦਾ ਇਹ ਹਾਲ ਹੁੰਦਾ ਹੈ–

**ਪੰਜੇ ਪੁੱਤ ਪਰਦੇਸ ਤੁਰ ਗਏ, ਪਈ ਹਵੇਲੀ ਖ਼ਾਲੀ,**
**ਸੱਤ ਕੁੱਤੇ ਤੇ ਦੋ ਭਈਏ, ਨਾ ਮੱਝਾਂ ਨਾ ਗਾਵਾਂ।**
**ਬੁੱਢੀ ਮਾਂ ਇਕੱਲੀ ਬੈਠੀ, ਝੂਰੇ ਤੇ ਪਈ ਸੋਚੇ,**
**ਕਿਸ ਨੇ ਆਉਣੈ ਸੁੰਨੇ ਘਰ, ਕਿਉਂ ਕਾਂ-ਕਾਂ ਲਾਈ ਕਾਵਾਂ?**

ਕਹਿੰਦੇ ਨੇ 'ਪੁੱਤਰ ਮਿੱਠੜੇ ਮੇਵੇ' ਪਰ ਇਹ ਮਾਪੇ ਵੀ ਮਿੱਠੜੇ ਮੇਵੇ ਹੀ ਹੁੰਦੇ ਹਨ। ਫ਼ਰਕ ਇਹ ਹੈ ਕਿ ਪੁੱਤ ਜਿਉਂਦੇ-ਵੱਸਦੇ ਮਿੱਠੇ ਲੱਗਦੇ ਹਨ ਤੇ ਮਾਪੇ ਸਦਾ ਲਈ ਤੁਰ ਗਿਆਂ ਤੋਂ ਬਾਅਦ। ਬਜ਼ੁਰਗਾਂ ਦੇ ਤੁਰ ਜਾਣ ਤੋਂ ਬਾਅਦ ਔਲਾਦ ਲੋਕ ਦਿਖਾਵੇ ਲਈ ਹੰਝੂ ਕੇਰਦੀ ਹੈ ਤੇ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਪੁੰਨ ਦਾਨ ਕਰਦੀ ਹੈ। ਐਨਾ ਹੀ ਨਹੀਂ ਬਜ਼ੁਰਗ ਦੇ ਭੋਗ 'ਤੇ ਅੰਤਿਮ ਅਰਦਾਸ ਮੌਕੇ ਛੱਤੀ ਪ੍ਰਕਾਰ ਦੇ ਭੋਜਨ ਪਰੋਸੇ ਜਾਂਦੇ ਹਨ ਹਨ ਜਦੋਂਕਿ ਤੁਰ ਜਾਣ ਵਾਲਾ ਤਾਂ ਕਿਸੇ ਵੇਲੇ ਚਾਹ ਦੇ ਕੱਪ ਨੂੰ, ਪਾਣੀ ਦੇ ਗਿਲਾਸ ਨੂੰ ਤੇ ਗਰਮ ਫੁਲਕੇ ਨੂੰ ਵੀ ਤਰਸਦਾ ਚਲਾ ਗਿਆ ਹੁੰਦਾ ਹੈ। ਕਿੰਨਾ ਚੰਗਾ ਹੋਵੇ ਜੇ ਅਸੀਂ ਬਜ਼ੁਰਗਾਂ ਨੂੰ ਜਿਉਂਦਿਆਂ ਨੂੰ ਖ਼ੁਸ਼ ਰੱਖੀਏ, ਉਨ੍ਹਾਂ ਦੇ ਖਾਣ-ਪੀਣ ਦਾ ਧਿਆਨ ਰੱਖੀਏ ਤੇ ਬਜ਼ੁਰਗ ਵੀ ਆਪਣੇ ਬੱਚਿਆਂ ਦੀਆਂ ਨਿੱਕੀਆਂ-ਮੋਟੀਆਂ ਗ਼ਲਤੀਆਂ ਨੂੰ ਨਜ਼ਰ ਅੰਦਾਜ਼ ਕਰ ਦਿਆ ਕਰਨ ਤਾਂ ਜੋ ਸਾਡੇ ਪਿੰਡ ਦੀਆਂ ਸੱਥਾਂ ਤੇ ਘਰਾਂ ਦੇ ਵਿਹੜਿਆਂ ਵਿੱਚ ਮੁੜ ਤੋਂ ਰੌਣਕ ਹੋ ਜਾਵੇ ਤੇ ਕੋਈ ਚੁਲਬੁਲੀ ਨੂੰਹ ਮੁਸਕੜੀਆਂ ਹੱਸਦੀ ਆਖੇ-ਬੁੜ੍ਹੇ ਦੇ ਗਲ ਟੱਲ ਬੰਨ੍ਹ ਦਿਓ।



Scanned with CamScanner




# ਔਰਤ ਆਪਣੇ ਤੇ ਹੋ ਰਹੇ ਜ਼ੁਲਮਾਂ ਦੀ ਜ਼ਿੰਮੇਵਾਰ ਕਿਤੇ ਨਾ ਕਿਤੇ ਆਪ ਤਾਂ ਨਹੀਂ?

ਔਰਤਾਂ ਤੇ ਜ਼ੁਲਮ ਹੋਣੇ ਕੋਈ ਨਵੀਂ ਗੱਲ ਨਹੀਂ ਹੈ ਪਰ ਕਿਤੇ ਨਾ ਕਿਤੇ ਹੋ ਰਹੇ ਜ਼ੁਲਮਾਂ ਦੀ ਜ਼ਿੰਮੇਵਾਰ ਔਰਤ ਆਪ ਵੀ ਹੈ। ਕਿਉਂਕਿ ਅੱਜ ਦੀ ਔਰਤ ਰਾਤੋ ਰਾਤ ਪ੍ਰਸਿੱਧ ਹੋਣਾ ਲੋਚਦੀ ਹੋਈ ਆਪਣੀ ਇਨਸਾਨੀਅਤ ਗਵਾ ਰਹੀ ਹੈ। ਜਿਵੇਂ ਸਿਆਣੇ ਕਹਿੰਦੇ ਹਨ ਕਿ ਖਰਬੂਜੇ ਨੂੰ ਵੇਖ ਖਰਬੂਜਾ ਰੰਗ ਵਟਾ ਲੈਂਦਾ। ਉਵੇਂ ਹੀ ਅੱਜ ਕੱਲ੍ਹ ਦੇ ਬੱਚੇ ਵੀ ਵੇਖੋ ਵੇਖੀ ਇੱਕ ਤੋਂ ਇੱਕ ਵੱਧ ਕੇ ਰੀਸ ਕਰਦੇ ਹਨ ਭਾਵੇਂ ਕੁੜੀ ਹੋਵੇ ਜਾਂ ਮੁੰਡਾ। ਪਹਿਲਾ ਤਾਂ ਲੋਕ ਆਹ ਚਾਕਲੇਟ ਡੇ, ਰੋਜ ਡੇ, ਪ੍ਰਪੋਜ ਡੇ ਵੈਲਨਟਾਇਨ ਡੇ ਕੁਝ ਅਜਿਹਾ ਮਨਾਉਂਦੇ ਨਹੀਂ ਸਨ। ਅੱਜ ਦੇ ਕੁੜੀਆ ਮੁੰਡੇ ਨਵਾਂ ਹੀ ਕੰਮ ਕਰਦੇ ਹਨ ਤਾਂ ਹੀ ਤਾਂ ਰੇਪ ਕੇਸ ਵੱਧ ਰਹੇ ਹਨ। ਕਿਉਂ ਨੌਜਵਾਨ ਵਰਗ ਲਈ ਬੱਸ ਇੱਕ ਹੀ ਕਿੱਤਾ ਰਹਿ ਗਿਆ। ਅੱਧੀ ਅੱਧੀ ਰਾਤ ਨੂੰ ਇਕੱਲਿਆ ਘੁੰਮਦੇ ਨੇ।

ਕਿਉਂ ਉਹ ਮਾਂ ਪਿਉ ਨਾਲ ਨਹੀਂ ਆਪਣੀ ਖੁਸ਼ੀ ਸਾਂਝੀ ਕਰ ਸਕਦੇ। ਕੀ ਮਾਪਿਆ ਦਾ ਪਿਆਰ ਬੱਚੇ ਲਈ ਪਹਿਲਾ

ਵੀ ਕਿਉਂ ਤੋਰਦੇ ਹਨ ਧੀਆਂ ਨੂੰ ਬਾਹਰ ਕਿਸੇ ਅ

ਮਾਪਿਆ ਨੂੰ ਪਤਾ ਹੀ ਨਹੀਂ ਹੁੰਦਾ ਕਿ ਉਨ੍ਹਾਂ ਦੀ ਧੀ ਰਾਤਾਂ ਨੂੰ ਕਿਥੇ ਤੇ ਕਿਸ ਨਾਲ ਹੈ? ਜੇਕਰ ਮਾਪੇ ਵੀ ਆਪਣੇ ਬੱਚਿਆ ਤੇ ਕੰਟਰੋਲ ਕਰਨ ਤਾਂ ਔਰਤਾਂ, ਲੜਕੀਆਂ ਫਿਰ ਵੀ ਇਸ ਵੱਧ ਰਹੇ ਜ਼ੁਲਮਾ ਤੇ ਗੈਂਗਰੇਪ ਤੋ ਬਚ ਸਕਦੀਆ ਹਨ। ਮੈਂ ਇੱਕ ਔਰਤ ਹੋਣ ਦੇ ਨਾਤੇ ਮੇਰੀਆਂ ਸਾਰੀਆਂ ਭੈਣਾਂ, ਬੱਚੀਆਂ, ਮਾਤਾਵਾਂ ਨੂੰ ਦੱਸਣਾ ਚਾਹੁੰਦੀ ਹਾਂ ਕਿ ਔਰਤ ਉਹ ਸ਼ਕਤੀ ਹੈ ਜਿਸ ਨਾਲ ਸੰਸਾਰ ਅੱਗੇ ਚਲਦਾ ਹੈ।

ਸਖੀਉ ਮਾਤਾ ਸਾਹਿਬ ਕੌਰ ਜੀ ਵੀ ਇਕ ਇਸਤਰੀ ਸਨ ਅਤੇ ਮਾਈ ਭਾਗੋ ਜੀ ਵੀ ਇੱਕ ਇਸਤਰੀ ਹੀ ਸਨ ਜਿਨਾਂ ਨੇ ਜੰਗ ਦੇ ਮੈਦਾਨ ਵਿੱਚ ਵੈਰੀਆਂ ਦੀਆਂ ਭਾਜੜਾਂ ਪਾਈਆਂ ਸਨ। ਪਰ ਇਸ ਦੇ ਉਲਟ ਅੱਜ ਅਸੀਂ ਕੀ ਕਰ ਰਹੇ ਹਾਂ। ਹੁਣ ਜ਼ਰਾ ਸੋਚੋ ਕਿ ਅਸੀਂ ਅੱਜ ਮਾਤਾ ਸਾਹਿਬ ਕੌਰ ਅਤੇ ਮਾਈ ਭਾਗੋ ਜੀ ਦੀਆਂ ਵਾਰਿਸ ਕਹਾਉਣ ਦੇ ਕਾਬਲ ਹਾਂ? ਅਸੀਂ ਭੈਣਾਂ, ਬੀਬੀਆਂ ਇਸ ਤਰ੍ਹਾਂ ਫੈਸ਼ਨਾਂ ਦੀ ਹੋੜ ਵਿੱਚ ਇੱਕ ਦੂਜੀ ਤੋਂ ਅੱਗੇ ਵੱਧਦੀਆਂ ਜਾਂਦੀਆ ਹਾਂ ਕਿ ਅੱਗਾ ਦੌੜ ਪਿੱਛਾ ਚੌੜ ਵਾਲੀ ਗੱਲ ਸਿੱਧ ਹੋਈ ਜਾ ਰਹੀ ਹੈ। ਹਰ ਲੜਕੀ ਦੀ ਇਹੀ ਇੱਛਾ ਹੁੰਦੀ ਹੈ ਕਿ ਮੈਂ ਹੀ ਸਭ ਤੋਂ ਸੁੰਦਰ ਲੱਗਾ। ਭੈਣ ਜੀ ਮੇਰੇ ਹਿਸਾਬ ਨਾਲ ਤਾਂ ਸੂਰਤ ਨਾਲੋਂ ਸੀਰਤ ਦਾ ਸੁੰਦਰ ਹੋਣਾ ਜ਼ਿਆਦਾ ਜ਼ਰੂਰੀ ਹੁੰਦਾ ਹੈ ਕਿਉਂਕਿ ਸਾਨੂੰ ਆਪਣੀ ਅਕਲ, ਮਿੱਠੀ ਜੁਬਾਨ ਅਤੇ ਕੀਤੇ ਹੋਏ ਚੰਗੇ ਕੰਮਾਂ ਨਾਲ ਸਭਨਾ ਤੋਂ ਪਿਆਰ ਤੇ ਸਤਿਕਾਰ ਮਿਲ



ਜਾਂਦਾ ਹੈ। ਇਸ ਲਈ ਸਾਦਾ ਖਾਉ, ਸਾਦਾ ਪਹਿਨੋ, ਪੜ੍ਹਾਈ ਦੇ ਨਾਲ-ਨਾਲ ਘਰ ਦੇ ਕੰਮਾ ਦੀ ਮੁਹਾਰਤ ਵੀ ਸਿੱਖੋ। ਭੜਕੀਲਾ ਪਹਿਰਾਵਾ ਅਤੇ ਹੁਸ਼ਲਾਪਣ ਹੀ ਅਜਿਹੀਆਂ ਰੇਪ ਵਰਗੀਆ ਘਟਨਾਵਾ ਨੂੰ ਸੱਦਾ ਦਿੰਦਾ ਹੈ। ਇਸ ਲਈ ਸਾਦਗੀ, ਸੰਜਮ, ਸ਼ਰਮ, ਹਯਾ, ਲੱਜਾ ਜਿਹੇ ਗਹਿਣੇ ਪਹਿਨ ਵੱਡਿਆ ਦਾ ਸਤਿਕਾਰ ਅਤੇ ਛੋਟਿਆਂ ਨਾਲ ਪਿਆਰ ਕਰੋ। ਕਦੇ ਵੀ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਨਾ ਪਹੁੰਚਾਉ ਤੇ ਕਿਸੇ ਦਾ ਵਿਸ਼ਵਾਸ ਨਾ ਤੋੜੋ। ਕਈ ਕੁੜੀਆਂ ਰਾਤੋ ਰਾਤ ਪ੍ਰਸਿੱਧੀ ਪਾਉਣ ਲਈ ਗਲਤ ਰਸਤਾ ਚੁਣ ਲੈਂਦੀਆਂ ਹਨ ਤੇ ਮਾੜੀ ਸੰਗਤ ਵਿੱਚ ਪੈ ਕੇ ਆਪਣਾ ਤਾਂ ਨੁਕਸਾਨ ਕਰਦੀਆਂ ਹੀ ਹਨ ਨਾਲ ਨਾਲ ਹੋਰ ਵੀ ਕਈ ਘਰ ਖਰਾਬ ਕਰ ਦਿੰਦੀਆ ਹਨ। ਜੋ ਸਾਰੀ ਔਰਤ ਜਾਤ ਲਈ ਸ਼ਰਮਸਾਰ ਹੋਣ ਵਾਲੀ ਗੱਲ ਹੋ ਜਾਂਦੀ ਹੈ ਕਿਉਕਿ ਇੱਕ ਗੰਦਗੀ ਨਾਲ ਲਿੱਬੜੀ ਹੋਈ ਮੱਛੀ ਸਾਰਾ ਤਲਾਬ ਹੀ ਖਰਾਬ ਕਰ ਦਿੰਦੀ ਹੈ। ਜਿਵੇਂ ਗਲਤੀ ਕੋਈ ਇੱਕ ਕਰਦੀ ਹੈ ਤੇ ਖਮਿਆਜਾ ਹੋਰ ਵੀ ਕਈ ਹੋਣਹਾਰ ਬੱਚੀਆਂ ਨੂੰ ਭੁਗਤਣਾ ਪੈਂਦਾ ਹੈ ਮਾਪੇ ਆਪਣੀ ਇੱਜ਼ਤ ਪੱਖੋਂ ਡਰਦੇ ਕਈ ਵਾਰ ਕੁੜੀਆਂ ਨੂੰ ਇਕੱਲੇ ਪੜ੍ਹਾਈ ਵਗੈਰਾ ਕਰਨ ਤੋਂ ਪਿੱਛੇ ਹੀ ਹਟ ਜਾਂਦੇ ਹਨ। ਇਸ ਤਰ੍ਹਾਂ ਹੋਣਹਾਰ ਬੱਚੇ ਵੀ ਆਪਣਾ ਕੁਝ ਬਨਣ ਦਾ ਸੁਨਹਿਰੀ ਮੌਕਾ ਗਵਾ ਬੈਠਦੇ ਹਨ।

ਸੋ ਭੈਣੋ, ਭੜਕੀਲਾ ਪਹਿਰਾਵਾ, ਗਲਤ ਸੋਚ, ਮਾੜੀ ਸੰਗਤ ਅਤੇ ਛੋਟ ਕੱਟ ਰਸਤਾ ਛੱਡ ਕੇ ਜ਼ਰਾ ਆਪਣੇ ਅਗਾਂਹ ਵਾਲੀ ਜ਼ਿੰਦਗੀ ਬਾਰੇ ਸੋਚੋ ਜਿਸਦੀ ਜਮੀਰ ਮਰ ਗਈ ਹੋਵੇ ਉਹ ਜਿਉਂਦਾ ਵੀ ਮਰਿਆ ਬਰਾਬਰ ਹੋ ਜਾਦਾ। ਭੈਣੋ ਐਸੀ ਪ੍ਰਸਿੱਧੀ ਤਾਂ ਕਿਸੇ ਕੰਮ ਨਹੀਂ ਆਉਂਦੀ ਜਿਹੜੀ ਮਾਪਿਆ, ਸੁਹਰਿਆ ਅਤੇ ਆਪਣਾ ਸਿਰ ਹੀ ਸ਼ਰਮ ਨਾਲ ਝੁਕਾ ਦੇਵੇ ਅਤੇ ਜੋ ਸਾਰੀ ਔਰਤ ਜਾਤ ਦੇ ਮੂੰਹ ਤੇ ਥੱਪੜ ਵਾਲੀ ਗੱਲ ਹੋ ਜਾਵੇ। ਭੈਣੋ! ਤਰਸ ਕਰੋ ਦੇਸ ਦੀ ਜਵਾਨੀ ਤੇ ਕਿਉਂ ਜਵਾਨੀ ਨੂੰ ਕੁਰਾਹੇ ਪਾ ਰਹੀਆਂ ਹੋ। ਖੈਰ ਮੇਰੀਆਂ ਸਾਰੀਆਂ ਭੈਣਾਂ ਤੇ ਇੱਕੋ ਜਿਹੀਆ ਨਹੀਂ ਹਨ ਪਰ ਫਿਰ ਵੀ ਅਜਿਹੇ ਕੰਮ ਨਾ ਕਰੋ ਜਿਸ ਨਾਲ ਆਪਣੇ ਨਾਲ ਕੋਈ ਅਨਹੋਣੀ ਵਾਪਰ ਜਾਏ ਤੇ ਫਿਰ ਬਿਨਾ ਪਛਤਾਵੇ ਆਪਣੇ ਕੋਲ ਬਚੇ ਹੀ ਕੁਝ ਨਾ। ਔਰਤ ਦਾ ਸਭ ਤੋਂ ਵੱਡਾ ਗਹਿਣਾ ਔਰਤ ਦੀ ਇੱਜਤ, ਸਾਦਗੀ, ਸ਼ਰਮ, ਲੱਜਾ, ਸ਼ਹਿਣਸ਼ੀਲਤਾ, ਇਮਾਨਦਾਰੀ, ਇਨਸਾਨੀਅਤ, ਮਿਹਨਤ ਅਤੇ ਮਮਤਾ ਹੈ। ਇਸ ਲਈ ਜਿੰਨੀ ਮਰਜੀ ਵੀ ਦੁੱਖ, ਤਕਲੀਫ ਤੇ ਗਰੀਬੀ ਆ ਜਾਵੇ ਇਨਾ ਦਾ ਪੱਲਾ ਨਾ ਛੱਡੋ ਕਿਉਂਕਿ ਇੱਕ ਵਾਰ ਜੀਵਨ ਵਿੱਚ ਲੱਗਿਆ ਮਾੜਾ ਧੱਬਾ ਸਾਰੀ ਜ਼ਿੰਦਗੀ ਨਹੀਂ ਲਹਿੰਦਾ ਤੇ ਇੱਕ ਵਾਰ ਗਈ ਇੱਜ਼ਤ ਮੁੜ ਵਾਪਸ ਨਹੀਂ ਮਿਲਦੀ।

ਮੇਰੀ ਮੇਰੇ ਦੇਸ ਦੇ ਸਾਰੇ ਨੌਜਵਾਨ ਵੀਰਾਂ ਨੂੰ ਵੀ ਬੇਨਤੀ ਹੈ ਕਿ ਐਸੀਆ ਚੀਜ਼ਾਂ ਤੋਂ ਬਚ ਕੇ ਰਹੋ ਜੋ ਤੁਹਾਡੀ ਜ਼ਿੰਦਗੀ ਖਰਾਬ ਕਰ ਦਿੰਦੀਆਂ ਹਨ ਤੇ ਤੱਰਕੀ ਦੇ ਰਾਹ ਵਿੱਚ ਰੋੜਾ ਬਣਦੀਆਂ ਹਨ। ਵੀਰੋ ਐਸੀਆਂ ਫਿਲਮਾਂ, ਗਾਣਿਆਂ ਨੂੰ ਕਦੇ ਵੀ ਨਾ ਦੇਖੋ ਤੇ ਸੁਣੋ ਜੋ ਤਹਾਨੂੰ ਜ਼ਿੰਦਗੀ ਦੇ ਸਹੀ ਰਸਤੇ ਤੋਂ ਭਟਕਾਉਂਦੀਆਂ ਹਨ ਅਤੇ ਔਰਤਾਂ ਨਾਲ ਗਲਤ ਤਰੀਕੇ ਪੇਸ਼ ਆਉਣ ਅਤੇ ਔਰਤਾਂ ਤੇ ਜ਼ੁਲਮ ਕਰਨ ਲਈ ਉਕਸਾਉਂਦੀਆਂ ਹਨ। ਇਹੀ ਸਾਰੀਆ ਉਪਰੋਕਤ ਗੱਲਾਂ ਵੱਲ ਮੇਰੀਆਂ ਭੈਣਾਂ ਵੀ ਧਿਆਨ ਦੇਣ ਅਤੇ ਆਪਣੇ ਤੇ ਹੋ ਰਹੇ ਜ਼ੁਲਮਾਂ ਤੋਂ ਬਚਣ ਅਤੇ ਆਪਣੀ ਸੋਚ ਦਾ ਸਹੀ ਇਸਤੇਮਾਲ ਕਰਨ। ਇਸ ਨਾਲ ਹੀ ਤਾਂ ਹੀ ਇੱਕ ਚੰਗੇ ਸਮਾਜ ਦੀ ਸਿਰਜਣਾ ਹੋਵੇਗੀ ਤੇ ਔਰਤਾਂ ਨਾਲ ਹੋ ਰਹੀਆ ਮਾੜੀਆਂ ਘਟਨਾਵਾਂ ਖਤਮ ਹੋਣਗੀਆ ਅਤੇ ਮੇਰਾ ਦੇਸ ਤਰੱਕੀ ਦੀਆਂ ਰਾਹਾਂ ਵੱਲ ਆਪਣੇ ਆਪ ਹੀ ਵੱਧਦਾ ਜਾਵੇਗਾ।

**ਪਰਮਜੀਤ ਕੌਰ ਸੋਢੀ**
ਭਗਤਾ ਭਾਈ ਕਾ 94786-58384



# ਪੰਜਾਬੀ ਰਸੋਈ

## ਛੋਲਿਆਂ ਦੀ ਦਾਲ

ਸਮੱਗਰੀ : 500 ਗ੍ਰਾਮ ਛੋਲਿਆਂ ਦੀ ਦਾਲ, ਨਮਕ ਸਵਾਦ ਅਨੁਸਾਰ, ਥੋੜਾ ਜਿਹਾ ਤੇਜ ਪੱਤਰ, 2 ਲੌਂਗ, ਇਕ ਚਮਚ ਖੰਡ, ਥੋੜਾ ਜਿਹਾ ਹਿੰਗ, ਅੱਧਾ ਤਾਜ਼ਾ ਨਾਰੀਅਲ, ਹਲਦੀ ਤੇ ਅਦਰਕ ਇਕ-ਇਕ ਚਮਚ, ਛੋਟੀ ਤੇ ਵੱਡੀ ਇਲਾਇਚੀ ਦੋ-ਦੋ ਨਗ ਤੇ ਥੋੜਾ ਜਿਹਾ ਘਿਓ।

ਵਿੱਧੀ : ਦਾਲ ਨੂੰ ਪਹਿਲਾਂ ਗਰਮ ਪਾਣੀ, ਲੂਣ, ਹਲਦੀ ਪਾ ਕੇ ਪਕਾ ਲਓ। ਘਿਰ ਗਰਮ ਕਰਕੇ ਹਿੰਗ, ਜੀਰਾ, ਤੇਜ ਪੱਤਰ, ਥੋੜਾ ਗਰਮ ਮਸਾਲਾ, ਪਿਸਿਆ ਅਦਰਕ, ਖੰਡ ਪਾ ਕੇ ਭੁੰਨ ਲਓ। ਨਾਰੀਅਲ ਦੇ ਬਰੀਕ ਟੁੱਕੜੇ ਕਰਕੇ ਗੁਲਾਬੀ ਤਲ ਲਓ। ਇਸ ਵਿਚ ਹੁਣ ਦਾਲ ਪਾ ਦਿਓ। ਜਦ ਦਾਲ ਉਬਲਣ ਲੱਗੇ ਤਾਂ ਥੱਲੇ ਲਾਹ ਕੇ ਇਸ ਵਿਚ ਥੋੜਾ ਜਿਹਾ ਬਰੀਕ ਕੱਟਿਆ ਹੋਇਆ ਧਨੀਆ ਪਾ ਦਿਓ। ਲੋੜ ਪੈਣ 'ਤੇ ਇਸ ਵਿਚ ਮੱਖਣ, ਟਮਾਟਰ, ਪਿਆਜ਼ਦਾ ਤੜਕਾ ਲਗਾ ਸਕਦੇ ਹੋ। ਇਸ ਨੂੰ ਆਮ ਤੌਰ 'ਤੇ ਦਾਲ ਫਰਾਈ ਕਿਹਾ ਜਾਂਦਾ ਹੈ। ਇਸ ਨੂੰ ਤੁਸੀਂ ਲੰਚ, ਡੀਨਰ ਜਾਂ ਫਿਰ ਮਹਿਮਾਨ ਆਈਟਮ ਦੇ ਤੌਰ 'ਤੇ ਪੇਸ਼ ਕਰ ਸਕਦੇ ਹੋ।





## ਲੱਸਣ ਦੀ ਚਟਣੀ

ਸਮੱਗਰੀ : ਲੱਸਣ 500 ਗ੍ਰਾਮ, ਦੁੱਧ 500, ਲਾਲ ਮਿਰਚ, ਹਲਦੀ 1 ਚਮਚ, ਘਿਓ 100 ਗ੍ਰਾਮ, ਧਨੀਆ ਪਾਊਡਰ 2 ਚਮਚ, ਹਿੰਗ ਚੂਰਾ ਥੋੜਾ ਜਿਹਾ, ਗਰਮ ਮਸਾਲਾ, ਜ਼ੀਰਾ 1-1 ਚਮਚ ਤੇ ਨਮਕ।

ਵਿਧੀ : ਲੱਸਣ ਦੀਆਂ ਕਲੀਆਂ ਛਿੱਲੇ ਕੇ ਉਨਾਂ ਨੂੰ ਪੀਸ ਲਓ। ਫੇਰ ਹਿੰਗ ਅਤੇ ਜੀਰੇ ਦਾ ਤੜਕਾ ਲਗਾ ਕੇ ਭੁੰਨ ਲਓ। ਲਾਲ ਹੋਣ ਤੋਂ ਬਾਅਦ ਲਾਲ ਮਿਰਚ, ਹਲਦੀ, ਧਨੀਆ ਪਾਊਡਰ ਪਾ ਕੇ ਭੁੰਨ ਲਓ। ਇਸਦੇ ਬਾਅਦ ਦੁੱਧ ਪਾ ਕੇ ਗਾੜਾ ਹੋਣ ਤੱਕ ਭੁੰਨ ਲਓ। ਲੂਣ ਅਤੇ ਗਰਮ ਮਸਾਲਾ ਪਾ ਕੇ ਲਾਹ ਲਓ। ਹੁਣ ਲੱਸਣ ਦੀ ਚਟਨੀ ਤਿਆਰ ਹੈ।





## ਪਨੀਰ ਰੁਸਤਮ

ਸਮੱਗਰੀ : ਪਨੀਰ 100 ਗ੍ਰਾਮ, ਆਲੂ-200 ਗ੍ਰਾਮ, ਚਾਵਲ ਦਾ ਆਟਾ 100 ਗ੍ਰਾਮ, ਕਿਸ਼ਮਿਸ਼-50 ਗ੍ਰਾਮ, ਤਿਲ- 50 ਗ੍ਰਾਮ, ਲਸਣ-ਅਦਰਕ ਦਾ ਪੇਸਟ-1 ਵੱਡਾ ਚਮਚਾ, ਨਮਕ-ਸੁਆਦ ਅਨੁਸਾਰ, ਮਿਰਚ-ਅੱਧਾ ਚਮਚਾ, ਤੇਲ-ਤਲਣ ਦੇ ਲਈ

ਬਣਾਉਣ ਦੀ ਵਿਧੀ : ਪਨੀਰ ਵਿਚ ਅੰਦਾਜ਼ੇ ਨਾਲ ਨਮਕ ਮਿਲਾ ਕੇ ਮਸਲ ਲਓ। ਇਸਦੀਆਂ ਛੋਟੇ ਆਕਾਰ ਦੀਆਂ ਗੋਲੀਆਂ ਬਣਾ ਕੇ ਇਕ ਤਸ਼ਤਰੀ ਵਿਚ ਰੱਖ ਲਓ। ਗੋਲੀਆਂ ਬਣਾਉਂਦੇ ਸਮੇਂ ਇਹਨਾਂ ਵਿਚ 2 ਕਿਸ਼ਮਿਸ਼ ਅਤੇ 2 ਮਿਸ਼ਰੀ ਦੀਆਂ ਡਲੀਆਂ ਰੱਖਦੇ ਜਾਓ। ਆਲੂ ਉਬਾਲ ਕੇ ਮਸਲ ਲਓ। ਇਸ ਵਿਚ ਨਮਕ, ਮਿਰਚ ਅਤੇ ਅਦਰਕ-ਲਸਣ ਦਾ ਪੇਸਟ ਮਿਲਾ ਲਓ। ਇਸ ਮਿਸ਼ਰਣ ਦੀਆਂ ਟਿੱਕੀਆਂ ਬਣਾ ਕੇ ਹਥੇਲੀ 'ਤੇ ਰੱਖੋ ਅਤੇ ਉਸ 'ਤੇ ਇਕ ਗੋਲੀ ਪਨੀਰ ਦੀ ਰੱਖ ਕੇ ਗੋਲ ਆਕਾਰ ਦੇ ਦਿਓ। ਹੁਣ ਚਾਵਲ ਦੇ ਆਟੇ ਦਾ ਗਾੜਾ ਘੋਲ ਬਣਾਓ। ਇਸ ਘੋਲ ਵਿਚ ਨਮਕ, ਮਿਰਚ, ਮਿਲਾਓ। ਹੁਣ ਪਨੀਰ-ਆਲੂ ਦੇ ਗੋਲਿਆਂ ਨੂੰ ਇਸ ਮਿਸ਼ਰਣ ਵਿਚ ਚੰਗੀ ਤਰਾਂ ਲਪੇਟ ਕੇ ਗੁਲਾਬੀ ਹੋਣ ਤੱਕ ਤਲੋ। ਟਮਾਟਰ ਸੌਸ ਅਤੇ ਹਰੀ ਚਟਣੀ ਦੇ ਨਾਲ ਸਰਵ ਕਰੋ। ਇਹ ਬਹੁਤ ਸੁਆਦੀ ਬਣਦੇ ਹਨ। ਇਹਨਾਂ ਨੂੰ ਤੁਸੀਂ ਚਾਹ ਆਦਿ ਮੌਕੇ ਮਹਿਮਾਨਾਂ ਨੂੰ ਸਟੇਕਸ ਦੇ ਤੌਰ 'ਤੇ ਵੀ ਦੇ ਸਕਦੇ ਹੋ।

**ਪੇਸ਼ਕਸ: ਭਾਗਵੰਤੀ ਪੁਰਬਾ**

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
ਮਹਿਕ ਵਤਨ ਦੀ TV Web
'Mehak Watan Di Live' ਲਾਈਵ

ਆਪਣੇ ਧਾਰਮਿਕ,
ਸਾਹਿਤਕ,
ਰਾਜਨੀਤਿਕ ਅਤੇ
ਸੱਭਿਆਚਾਰਕ ਪ੍ਰੋਗਰਾਮ
'ਮਹਿਕ ਵਤਨ ਦੀ ਲਾਈਵ'
ਵੈਬ ਟੀ.ਵੀ.
ਤੇ ਲਾਈਵ, ਡੀ-ਲਾਈਵ
ਚਲਾਉਣ ਲਈ
ਸੰਪਰਕ ਕਰੋ :
9988-92-9988

'ਮਹਿਕ ਵਤਨ ਦੀ ਲਾਈਵ' ਦੇ
ਪੱਤਰਕਾਰ ਬਨਣ ਲਈ ਵੀ ਉਪਰੋਕਤ
ਨੰਬਰ ਤੇ ਸੰਪਰਕ ਕਰੋ।

Scanned with CamScanner

# ਕਿਉਂ ਹੈ ਦੰਦਾਂ ਦੀ ਸੰਭਾਲ ਜ਼ਰੂਰੀ?



ਦੰਦ ਰੱਬ ਵਲੋਂ ਮਨੁੱਖ ਨੂੰ ਦਿੱਤੀ ਇਕ ਅਨਮੋਲ ਨਿਆਮਤ ਹੈ, ਇਨ੍ਹਾਂ ਦੀ ਸਾਂਭ-ਸੰਭਾਲ ਕਰਨੀ ਬਹੁਤ ਜ਼ਰੂਰੀ ਹੈ । ਚੰਗੀ ਸਾਂਭ-ਸੰਭਾਲ ਨਾਲ ਇਹ ਜੀਵਨ ਦਾ ਲੰਬਾ ਸਾਥ ਦੇ ਸਕਦੇ ਹਨ ਪਰ ਜੇਕਰ ਅਸੀਂ ਇਨ੍ਹਾਂ ਦੀ ਸਾਂਭ-ਸੰਭਾਲ ਠੀਕ ਤਰ੍ਹਾਂ ਨਹੀਂ ਕਰਦੇ ਤਾਂ ਇਨ੍ਹਾਂ ਦਾ ਡਿੱਗਣਾ ਯਕੀਨੀ ਬਣ ਜਾਂਦਾ ਹੈ । ਇਸ ਦੌਰਾਨ ਹੋਣ ਵਾਲਾ ਦਰਦ ਅਸਹਿਣਯੋਗ ਹੁੰਦਾ ਹੈ ਤਾਂ ਅਸੀਂ ਡਾਕਟਰ ਨੂੰ ਸੁਝਾਅ ਦਿੰਦੇ ਹਾਂ ਕਿ ਇਸ ਦੰਦ ਨੂੰ ਕੱਢ ਦਿੱਤਾ ਜਾਵੇ ।

ਪਰ ਜੇਕਰ ਡਾਕਟਰ ਇਸ ਦੰਦ ਨੂੰ ਬਚਾਉਣ ਦੀ ਸਲਾਹ ਦਿੰਦਾ ਹੈ ਤਾਂ ਸਾਡੇ ਦਿਮਾਗ ਵਿਚ ਇਹੀ ਆਉਂਦਾ ਹੈ ਕਿ ਡਾਕਟਰ ਆਪਣੇ ਫਾਇਦੇ ਲਈ ਸਾਡੀ ਗੱਲ ਨਾ ਮੰਨ ਕੇ ਇਲਾਜ ਦਾ ਸੁਝਾਅ ਦੇ ਰਿਹਾ ਹੈ ਪਰ ਸਾਡੇ ਜ਼ਿਹਨ ਵਿਚ ਇਹ ਕਿਉਂ ਨਹੀਂ ਆਉਂਦਾ ਕਿ ਅੱਜ ਅਸੀਂ ਕੁਝ ਪੈਸਿਆਂ ਦੀ ਬੱਚਤ ਕਾਰਨ ਆਪਣਾ ਇਕ ਅਨਮੋਲ ਦੰਦ ਗਵਾ ਦੇਵਾਂਗੇ ਜਿਸ ਦੀ ਕੱਲ ਵੱਡੀ ਕੀਮਤ ਚੁਕਾਉਣੀ ਪੈ ਸਕਦੀ ਹੈ । ਅੱਜ ਇਸ ਲੇਖ ਰਾਹੀਂ ਇਹ ਗੱਲ ਕਰ ਰਹੇ ਹਾਂ ਕਿ ਕਿਉਂ ਹੈ ਕੁਦਰਤੀ ਦੰਦਾਂ ਦੀ ਸਾਂਭ-ਸੰਭਾਲ ਜ਼ਰੂਰੀ ? ਕਿਉਂ ਇਨ੍ਹਾਂ ਦੀ ਜਗ੍ਹਾ ਨਕਲੀ ਦੰਦ ਨਹੀਂ ਲੈ ਸਕਦੇ ? ਨਸਾਂ ਦਾ ਇਲਾਜ ਕੀ ਹੈ ? ਜਦੋਂ ਅਸੀਂ ਕੀੜਾ ਲੱਗਣ ਕਾਰਨ ਜਾ ਕਿਸੇ ਹੋਰ ਕਾਰਨਾਂ ਕਰਕੇ ਆਪਣਾ ਦੰਦ ਕਢਵਾ ਦਿੰਦੇ ਹਾਂ ਤਾਂ ਉਥੇ ਇਕ ਖਾਲੀ ਥਾਂ ਬਚ ਜਾਂਦੀ ਹੈ ਅਤੇ ਇਸ ਖਾਲੀ ਥਾਂ ਦੇ ਪਿੱਛੇ ਜੋ ਦੰਦ ਹੁੰਦਾ ਹੈ ਉਸ ਦਾ ਕੋਈ ਸੰਪਰਕ ਨਹੀਂ ਹੁੰਦਾ । ਉਹ ਇਸ ਖਾਲੀ ਥਾਂ ਵੱਲ ਝੁਕਣ ਲੱਗਦਾ ਹੈ । ਇਸੇ ਇਕ ਦੰਦ ਦੇ ਆਪਣੀ ਥਾਂ ਤੋਂ ਹਿੱਲਣ ਕਰਕੇ ਬਾਕੀ ਸਾਰੇ ਦੰਦਾਂ ਦਾ ਸੰਪਰਕ ਵੀ ਆਪਸ ਵਿਚ ਖਰਾਬ ਹੋ ਜਾਂਦਾ ਹੈ ਅਤੇ ਮੂੰਹ ਦਾ ਸੰਤੁਲਨ ਵਿਗੜ ਜਾਂਦਾ ਹੈ, ਜਿਸ ਨਾਲ ਮੂੰਹ ਦੀਆਂ ਮਾਸਪੇਸ਼ੀਆਂ ਵਿਚ ਖਿਚਾਅ ਦੀ ਕਮੀ ਹੋ ਜਾਂਦੀ ਹੈ ਅਤੇ ਇਨਾਂ ਵਿਚ ਦਰਦ ਸ਼ੁਰ ਹੋ ਜਾਂਦਾ ਹੈ ਅਤੇ ਇਸ ਤਰਾਂ ਦਾ ਅਸੰਤਲਨ ਪੈਦਾ ਹੋ ਜਾਂਦਾ ਹੈ ਤੇ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਨੂੰ ਸੱਦਾ ਦਿੰਦਾ ਹੈ, ਇਸ ਲਈ ਅਸੰਤੁਲਨ ਪੈਦਾ ਨਾ ਹੋਣ ਦਿੱਤਾ ਜਾਵੇ । ਇਸੇ ਕਰਕੇ ਸਾਨੂੰ ਕੁਦਰਤੀ ਦੰਦ ਦਾ ਬਚਾਅ ਕਰਨਾ ਚਾਹੀਦਾ ਹੈ ।

**ਕਿਵੇਂ ਕਰੀਏ ਇਨ੍ਹਾਂ ਦਾ ਬਚਾਅ**-ਇਕ ਵਾਰ ਜਦੋਂ ਦੰਦਾਂ ਨੂੰ ਕੀੜਾ ਲੱਗਣਾ ਸ਼ੁਰੂ ਹੋ ਗਿਆ ਤਾਂ ਅਸੀਂ ਇਸ ਸਮੱਸਿਆ ਨੂੰ ਖਤਮ ਤਾਂ ਨਹੀਂ ਕਰ ਸਕਦੇ ਪਰ ਹਾਂ ਅੱਗੇ ਵਧਣ ਤੋਂ ਰੋਕ ਸਕਦੇ ਹਾਂ। ਜੇਕਰ ਦੰਦਾਂ ਦਾ ਕੀੜਾ ਉਪਰਲੇ ਹਿੱਸੇ 'ਤੇ ਹੈ ਅਤੇ ਕੋਈ ਵੀ ਦਰਦ ਪੈਦਾ ਨਹੀਂ ਕਰ ਰਿਹਾ ਤਾਂ ਇਸ 'ਚੋਂ ਕੀੜੇ ਨੂੰ ਕੱਢ ਕੇ ਕੋਈ ਧਾਤ ਭਰ ਦਿੱਤੀ ਜਾਂਦੀ ਹੈ ਪਰ ਜੇਕਰ ਕੀੜਾ ਨਸ ਤਕ ਪਹੁੰਚ ਚੁੱਕਿਆ ਹੈ ਅਤੇ ਦਰਦ ਪੈਦਾ ਕਰ ਰਿਹਾ ਹੈ ਤਾਂ ਅਸੀਂ 'ਨਸਾਂ ਦੇ ਇਲਾਜ' ਨੂੰ ਚੁਣਦੇ ਹਾਂ । ਇਸ ਵਿਚ ਦੰਦਾਂ ਦੀ ਨਸ ਨੂੰ ਕੱਢ ਕੇ ਇਸ ਵਿਚ ਗੱਟਾ ਪਰਚਾ ਭਰ ਦਿੱਤਾ ਜਾਂਦਾ ਹੈ, ਇਸ ਨਾਲ ਦੰਦਾਂ ਵਿਚ ਦਰਦ ਨਹੀਂ ਰਹਿੰਦਾ ਅਤੇ ਇਹ ਕੁਦਰਤੀ ਦੰਦ ਦੀ ਤਰ੍ਹਾਂ ਹੀ ਠੀਕ ਕਰਦਾ ਹੈ । ਇਸ ਤਕਨੀਕ ਨੂੰ 'ਰੂਟ-ਕਨਾਲ ਟਰੀਟਮੈਂਟ' ਕਿਹਾ ਜਾਂਦਾ ਹੈ ।


**ਨਕਲੀ ਦੰਦ ਕਿਉਂ ਨਹੀਂ**-ਪਰ ਜੇਕਰ ਅਸੀਂ ਇਸੇ ਜਗ੍ਹਾ 'ਤੇ ਨਕਲੀ ਦੰਦ ਲਗਵਾ ਲੈਂਦੇ ਹਾਂ ਤਾਂ ਇਹ ਕੁਦਰਤੀ ਦੰਦਾਂ ਦੀ ਤਰ੍ਹਾਂ ਹੱਡੀ ਵਿਚ ਨਹੀਂ ਹੁੰਦੇ, ਜਿਸ ਕਰਕੇ ਇਹ ਕੁਦਰਤੀ ਦੰਦ ਵਾਂਗ ਭਾਰ ਨਹੀਂ ਸਹਿ ਸਕਦੇ, ਦੂਜਾ ਇਨ੍ਹਾਂ ਦੇ ਆਸ-ਪਾਸ ਭੋਜਨ ਇਕੱਠਾ ਹੋ ਜਾਂਦਾ ਹੈ ਕਿਉਂਕਿ ਦੰਦਾਂ ਅਤੇ ਮਸੂੜਿਆਂ ਵਿਚ ਇਕ ਖਾਲੀ ਥਾਂ ਹੁੰਦੀ ਹੈ ਜੋ ਕਿ ਭੋਜਨ ਅਤੇ ਜੀਵਾਣੂਆਂ ਦੇ ਇਕੱਠੇ ਹੋਣ ਦਾ ਘਰ ਹੈ, ਜਿਸ ਕਾਰਨ ਮਸੂੜਿਆਂ 'ਤੇ ਸੋਜਿਸ਼ ਹੋ ਜਾਂਦੀ ਹੈ ਅਤੇ ਹੱਡੀ ਗਲਣੀ ਸ਼ੁਰੂ ਹੋ ਜਾਂਦੀ ਹੈ । ਇਸੇ ਕਰਕੇ ਨਕਲੀ ਦੰਦਾਂ ਨੂੰ ਪਹਿਲ ਨਹੀਂ ਦਿੱਤੀ ਜਾਂਦੀ । ਇਹ ਵੀ ਨਹੀਂ ਹੈ ਕਿ ਨਕਲੀ ਦੰਦ ਬਿਲਕੁਲ ਹੀ ਸਹਾਈ ਨਹੀਂ ਹੁੰਦੇ ਅਤੇ ਇਨ੍ਹਾਂ ਨੂੰ ਕਦੇ ਨਹੀਂ ਲਗਾਇਆ ਜਾਂਦਾ । ਇਹ ਵੀ ਆਪਣੀ ਜਗ੍ਹਾ ਸਹਾਈ ਹੁੰਦੇ ਹਨ ਪਰ ਉਥੇ ਹੀ ਜਿਥੇ ਕੁਦਰਤੀ ਦੰਦਾਂ ਦਾ ਕੱਢਣਾ ਬਹੁਤ ਜ਼ਰੂਰੀ ਹੋ ਜਾਵੇ । ਉਥੇ ਇਹ ਬਹੁਤ ਸਹਾਈ ਹੁੰਦੇ ਹਨ ਪਰ ਸਾਡਾ ਪਹਿਲਾ ਕਦਮ ਕੁਦਰਤੀ ਦੰਦਾਂ ਨੂੰ ਬਚਾਉਣ ਵੱਲ ਹੋਣਾ ਚਾਹੀਦਾ ਹੈ । ਨਕਲੀ ਦੰਦ ਖਾਲੀ ਥਾਂ ਭਰਨ ਦਾ ਸਾਧਨ ਹਨ, ਹੋਰ ਕੁਝ ਨਹੀਂ । ਗੱਲ ਇਥੇ ਹੀ ਖਤਮ ਕੀਤੀ ਜਾ ਸਕਦੀ ਹੈ ਕਿ ਇਹ ਨੌਬਤ ਹੀ ਨਾ ਆਉਣ ਦਿੱਤੀ ਜਾਵੇ ਕਿ ਕੁਦਰਤੀ ਦੰਦ ਸਾਡਾ ਸਾਥ ਛੱਡ ਦੇਣ, ਇਨ੍ਹਾਂ ਦੀ ਸਾਂਭ-ਸੰਭਾਲ ਕਰੋ । ਇਹ ਸਾਡੀ ਮੁਸਕਾਨ ਨੂੰ ਜ਼ਿੰਦਗੀ ਭਰ ਕਾਇਮ ਰੱਖਣਗੇ ।

# ਜਿਗਰ ਦਾ ਕੈਂਸਰ

ਚਮੜੀ ਦੇ ਬਾਅਦ ਜਿਗਰ, ਸਾਡੇ ਸਰੀਰ ਦਾ ਸਭ ਤੋਂ ਵੱਡਾ ਅੰਗ ਹੈ । ਇਸ ਦੀਆਂ ਬਹੁਤ ਡਿਊਟੀਆਂ ਹਨ, ਜਿਵੇਂ ਪੀਤੇਜਾਂ ਖਾਧੇ ਜਾਣ ਵਾਲੇ ਪਦਾਰਥਾਂ ਤੋਂ ਊਰਜਾ ਕੱਢ ਕੇ, ਖ਼ੂਨ ਰਾਹੀਂ, ਸਰੀਰ ਦੇ ਵੱਖ ਵੱਖ ਅੰਗਾਂ ਨੂੰ ਭੇਜਣਾ ਅਤੇ ਸ਼ਰਾਬ ਸਮੇਤ ਸਾਰੇ ਜ਼ਹਿਰੀਲੇ ਪਦਾਰਥਾਂ ਨਾਲ ਨਜਿੱਠਣਾ । ਭੋਜਨ ਦੀ ਪਾਚਣ-ਕਿਰਿਆ ਵਾਸਤੇ ਲੋੜੀਂਦਾ, ਹਰੇ ਰੰਗ ਦਾ ਤਰਲ (ਬਾਇਲ) ਵੀ ਜਿਗਰਵਿਚ ਹੀ ਬਣਦਾ ਹੈ ਜੋ ਪਿੱਤੇ ਵਿਚ ਜਮ੍ਹਾਂ ਰਹਿੰਦਾ ਹੈ ਤੇ ਜ਼ਰੂਰਤ ਅਨੁਸਾਰ ਛੋਟੀ ਅੰਤੜੀ ਵਿਚ ਖ਼ਾਰਜ ਕੀਤਾ ਜਾਂਦਾ ਹੈ।ਇਸ ਲਈਜਿਗਰ ਇਕ ਅਤੀ ਅਹਿਮ ਅੰਗ ਹੈ ਜਿਸ ਦੀ ਸਿਹਤ ਦਾ ਖਿਆਲ ਰੱਖਣ ਨਾਲ ਹੀ ਸਾਡੀ ਜ਼ਿੰਦਗੀ ਹੈ ।

**ਜਾਂਚ ਤੇ ਟੈਸਟ:** ਐਸੀਆਂ ਤਕਲੀਫਾਂ ਜਾਂ ਅਲਾਮਤਾਂ ਵਾਲੇ ਰੋਗੀ, ਕਿਸੇ ਫੈਮਿਲੀ ਡਾਕਟਰ, ਮੈਡੀਕਲ ਸਪੈਸ਼ਲਿਸਟ ਜਾਂ ਸਰਜਨ ਕੋਲ ਜਾਂਦੇਹਨ । ਜਿਹੜੇ ਸ਼ਹਿਰਾਂ ਵਿਚ, ਸਰਕਾਰੀ ਜਾਂ ਪ੍ਰਾਈਵੇਟ, ਜਿਗਰ ਰੋਗਾਂ ਦੇ ਮਾਹਰ ਡਾਕਟਰ (ਹੈਪੇਟਾਲੋਜਿਸਟ) ਹੋਣ, ਉਹਨਾਂ ਨੂੰ ਕੰਸਲਟ ਕਰਨਾ ਚਾਹੀਦਾ ਹੈ । ਰੋਗੀ ਦਾ ਮੁਆਇਨਾ ਕਰਨ ਤੋਂ ਬਾਅਦ ਡਾਕਟਰ, ਵੱਖ ਵੱਖ ਸੰਭਾਵਨਾਵਾਂ ਰੱਖ ਕੇ, ਐਕਸ-ਰੇ, ਅਲਟਰਾ ਸਾਊਂਡ, ਸੀ.ਟੀ. ਸਕੈਨ,ਐਮ.ਆਰ.ਆਈ.ਆਦਿ ਤੋਂ ਬਾਅਦ ਖ਼ੂਨ ਦੇ ਟੈਸਟ (ਲਿਵਰ ਫੰਕਸ਼ਨ ਟੈਸਟ) ਕਰਵਾਉਂਦੇ ਹਨ ਜਿਵੇਂ: ਬਿਲੀਰੁਬਿਨ, ਏ.ਐਸ.ਟੀ., ਏ.ਐਲ.ਟੀ: ਬਲੱਡ ਪ੍ਰੋਟੀਨਜ਼; ਐਲ.ਡੀ.ਐਚ; ਐਚ.ਬੀ.ਐਸ.ਏ.ਜੀ; ਐਚ.ਬੀ.ਸੀ; ਆਦਿ; ਅਤੇ ਪਿਸ਼ਾਬ ਦੇ ਟੈਸਟ ਐਕਸ-ਰੇ, ਅਲਟਰਾਸਾਊਂਡ, ਸੀ.ਟੀ. ਸਕੈਨ ਤੋਂ ਕਿਸੇ ਗੋਲੇ ਜਾਂ ਮਾਸ ਦਾ ਪਤਾ ਲਗ ਜਾਂਦਾ ਹੈ । ਸੀ.ਟੀ.ਜਾਂ ਐਮ.ਆਰ.ਆਈ. ਨਾਲ ਐਸੇ ਗੋਲੇ ਜਾਂ ਮਾਸ ਦਾ ਸਾਇਜ਼ ਵੀ ਪਤਾ ਲਗ ਜਾਂਦਾ ਹੈ । ਉਸ ਤੋਂ ਬਾਅਦ ਆਉਂਦਾ ਹੈ ਪੈਥਾਲੋਜਿਸਟਦਾ ਰੋਲ । ਬਰੀਕ ਸੂਈ ਦੀ ਜਾਂਚ (ਐਫ.ਐਨ.ਏ.ਸੀ.), ਜੋ ਸੀ.ਟੀ. ਸਕੈਨ ਦੀ ਮਦਦ ਨਾਲ ਕੀਤੀ ਜਾਂਦੀ ਹੈ (ਤਾਂ ਕਿ ਸੂਈ ਦਾ ਨੱਕਾ ਬਿਲਕੁਲ, ਅਸਾਧਾਰਣ ਮਾਸ ਵਿਚ ਚਲਾ ਜਾਵੇ) ਤਾਂ ਜੋ ਠੀਕ ਜਗ੍ਹਾ ਤੋਂ ਸੈਂਪਲ ਹੀ ਲਿਆ ਜਾ ਸਕੇ । ਇਸ ਦੀ ਜਾਂਚ ਤੋਂ ਬਾਅਦ ਹੀ ਪਤਾ ਚਲਦਾ ਹੈ ਕਿ ਕੈਂਸਰ ਹੈ ਜਾਂ ਨਹੀਂ..., ਤੇ ਜੇ ਹੈ ਤਾਂ ਕਿਹੜੀ ਕਿਸਮ ਦਾ ਹੈ । 90 ਤੋਂ 95 ਕੇਸਾਂ ਵਿਚ ਬਰੀਕ ਸੂਈ ਦੀ ਜਾਂਚ ਵਾਲੀ ਵਿਧੀ ਕਾਮਯਾਬ ਰਹਿੰਦੀ ਹੈ । ਬਾਕੀ ਕੇਸਾਂ ਵਿਚ, ਓਪ੍ਰੇਸ਼ਨਦੁਆਰਾ 'ਜਿਗਰ ਦਾ ਟੁਕੜਾ' (ਬਾਇਓਪਸੀ) ਲਿਆ ਜਾਂਦਾ ਹੈ ਤੇ ਪੈਥਾਲੋਜਿਸਟ ਉਸ ਦੀ ਰਿਪੋਰਟ ਵਿਚ ਪੱਕਾ ਦੱਸਦੇ ਹਨ ਕਿ ਕਿਸ ਕਿਸਮ ਦਾ ਕੈਂਸਰ ਹੈ । ਦਵਾਈਆਂ ਨਾਲ ਸੁਧਾਰ, ਅਤੇ ਕੈਂਸਰ ਨਾਲ ਵਗਾੜ ਨੂੰ ਵੇਖਣ ਲਈ, ਲਿਵਰ ਫੰਕਸ਼ਨ ਟੈਸਟ, ਦੁਬਾਰਾ ਦੁਬਾਰਾ ਕਰਵਾਉਣੇ ਪੈਂਦੇ ਹਨ ।

**ਇਲਾਜ:** ਜਿਗਰ ਦੇ ਕੈਂਸਰ ਦਾ ਆਮ ਕਰਕੇ ਮੁਢਲੇ ਪੜਾਅ 'ਤੇ ਪਤਾ ਨਹੀਂ ਲਗਦਾ । ਜਿਨ੍ਹਾਂ ਕੇਸਾਂ ਵਿਚ ਟਿਊਮਰ ਛੋਟੇ ਸਾਇਜ਼ ਦਾ ਹੋਵੇ ਤੇ ਜਲਦ ਪਤਾ ਲਗ ਜਾਵੇ, ਉਹਦੀ ਸਰਜਰੀ ਕੀਤੀ ਜਾ ਸਕਦੀ ਹੈ । ਕੀਮੋਥੈਰਾਪੀ, ਟੀਕਿਆਂ ਦੇ ਰੂਪ ਵਿਚ, ਜੋ ਡਰਿੱਪ ਵਿਚ ਪਾ ਕੇ ਖ਼ੂਨ-ਨਾੜੀ ਰਾਹੀਂ ਜਾਂ ਕੈਥੀਟਰ ਨਾਲ ਸਿੱਧੇ ਜਿਗਰ ਵਿਚ ਲਗਾਏ ਜਾਂਦੇ ਹਨ । ਕੈਂਸਰ ਦੀ ਕਿਸਮ ਦੇ ਹਿਸਾਬ ਨਾਲ ਰੇਡੀਏਸ਼ਨ (ਬਿਜਲੀਆਂ) ਵੀ, ਇਲਾਜ ਵਜੋਂ ਦਿੱਤੀ ਜਾਂਦੀ ਹੈ । ਲਿਵਰ ਟਰਾਂਸਪਲਾਂਟੇਸ਼ਨ: ਕੈਂਸਰ ਤੋਂ ਪਹਿਲਾਂ ਜੇਕਰ ਸਿਰੋਸਿਸ ਹੋਵੇ ਤੇ ਸਾਰਾ ਹੀ ਜਿਗਰ ਨੁਕਸਾਨਿਆਂ ਜਾ ਚੁੱਕਾ ਹੋਵੇਤਾਂ ਇਲਾਜ,ਤਰਕੀਬਨ ਅਸੰਭਵ ਹੋ ਜਾਂਦਾ ਹੈ । ਜਿਹੜੇ ਵਿਅਕਤੀ ਲਿਵਰ ਟਰਾਂਸਪਲਾਂਟੇਸ਼ਨ ਕਰਵਾ ਸਕਦੇ ਹੋਣ (ਮਾਲੀ ਹਾਲਤਤੇ ਜਿਗਰ ਦਾਨੀ ਲੱਭ ਕੇ) ਤਾਂ ਰੋਗੀ ਦੀ ਜ਼ਿੰਦਗੀ ਕੁਝ ਸਮਾ ਵਧ ਸਕਦੀ ਹੈ ।**ਬਚਾਓ:** ਜਿਗਰ ਦੇ ਕੈਂਸਰ, ਉਹਨਾਂ ਰੋਗੀਆਂ ਵਿਚ ਉਤਪੰਨ ਹੁੰਦੇ ਹਨ ਜਿਨ੍ਹਾਂ ਨੂੰ ਵਾਇਰਲ ਹੈਪੇਟਾਇਟਿਸ,ਖ਼ਾਸ ਕਰਕੇ ਬੀ. ਜਾਂ ਸੀ. ਵਾਇਰਸ ਕਰਕੇ, ਲੰਮੇ ਸਮੇਂ ਵਾਲੀ ਜਿਗਰ ਦੀ ਸੋਜ ਹੋਵੇ। ਸੋ ਇਹਨਾਂ ਵਾਇਰਸਾਂ ਦੀ ਇਨਫੈਕਸ਼ਨ ਤੋਂ ਬਚਣਾ ਚਾਹੀਦਾ ਹੈ। ਇਨਫੈਕਸ਼ਨ ਵਾਲੇ ਵਿਅਕਤੀ ਦੇ ਖ਼ੂਨ ਤੇ ਸਰੀਰ ਦੇ ਹੋਰ ਤਰਲਾਂ ਨਾਲ ਸੰਪਰਕ ਤੋਂ ਬਚਣਾ ਚਾਹੀਦਾ ਹੈ । ਜਿਹੜੇ ਪਦਾਰਥ ਜਿਗਰ ਨੂੰ ਨੁਕਸਾਨ ਪਹੁੰਚਾ ਸਕਦੇ ਹਨ ਸ਼ਰਾਬ, ਨਸ਼ੇ ਤੇ ਕੁਝ ਦਵਾਈਆਂ ਆਦਿ ਉਹਨਾਂ ਦਾ ਸੇਵਨ ਨਹੀਂ ਕਰਨਾ ਚਾਹੀਦਾ । ਇਸ ਦੀ ਬਜਾਏ, ਜਿਗਰ ਨੂੰ ਤਾਕਤ ਦੇਣ ਵਾਲੇ ਅਤੇ ਸਰੀਰ ਦਾ ਭਾਰ ਕੰਟਰੋਲ ਵਿਚ ਰੱਖਣ ਭੋਜਨ ਵੱਲ ਧਿਆਨ ਦੇਣਾ ਚਾਹੀਦਾ ਹੈ ।




# ਚੰਗੀ ਸਿਹਤ : ਹਰੇ ਸਲਾਦ ਦੀ ਅਹਿਮੀਅਤ



ਹਰੀਆਂ ਪੱਤੇਦਾਰ ਸਬਜ਼ੀਆਂ ਸਰੀਰ ਦੇ ਵਾਧੇ ਅਤੇ ਚੰਗੀ ਸਿਹਤ ਲਈ ਬਹੁਤ ਜ਼ਰੂਰੀ ਹਨ, ਕਿਉਂਕਿ ਇਨ੍ਹਾਂ ਵਿਚ ਸਾਰੇ ਲੋੜੀਂਦੇ ਪੌਸ਼ਟਿਕ ਤੱਤ ਮੌਜੂਦ ਹੁੰਦੇ ਹਨ। ਹਰੀਆਂ ਸਬਜ਼ੀਆਂ ਸਾਗ ਅਤੇ ਸਬਜ਼ੀ ਦੇ ਤੌਰ 'ਤੇ ਅਤੇ ਦਾਲਾਂ ਵਿਚ ਰਲਾ ਕੇ, ਚਟਣੀ, ਪਰੌਂਠੇ ਅਤੇ ਚੌਲਾਂ ਵਿਚ ਪਾ ਕੇ ਖਾਧੀਆਂ ਜਾਂਦੀਆਂ ਹਨ। ਆਮ ਤੌਰ 'ਤੇ ਪਾਲਕ, ਸਰ੍ਹੋਂ, ਮੇਥੀ, ਮੇਥੇ, ਬਾਥੂ, ਪੁਦੀਨਾ, ਬੰਦ ਗੋਭੀ ਅਤੇ ਹਰਾ ਧਣੀਆ, ਹਰੀਆਂ ਸਬਜ਼ੀਆਂ ਦੇ ਤੌਰ 'ਤੇ ਖਾਧੇ ਜਾਂਦੇ ਹਨ। ਹਰੀਆਂ ਸਬਜ਼ੀਆਂ ਦੀ ਮੌਜੂਦਗੀ ਖੁਰਾਕ ਵਿਚ ਵੰਨਗੀ ਅਤੇ ਰੌਚਿਕਤਾ ਲਿਆਉਂਦੀ ਹੈ। ਹਰੀਆਂ ਸਬਜ਼ੀਆਂ ਲੋਹਾ ਅਤੇ ਕੈਲਸ਼ੀਅਮ ਭਰਪੂਰ ਹੁੰਦੀਆਂ ਹਨ। ਗੂੜ੍ਹੀਆਂ ਹਰੀਆਂ ਪੱਤੇਦਾਰ ਸਬਜ਼ੀਆਂ ਬੀਟਾ ਕੈਰੋਟੀਨ (ਵਿਟਾਮਿਨ-ਏ), ਵਿਟਾਮਿਨ ਬੀ, ਸੀ ਅਤੇ ਏ ਅਤੇ ਰੇਸ਼ੇ ਦਾ ਚੰਗਾ ਸੋਮਾ ਹਨ, ਜੋ ਕਿ ਚੰਗੀ ਸਿਹਤ ਲਈ ਬਹੁਤ ਜ਼ਰੂਰੀ ਹਨ।

ਖੁਰਾਕ ਵਿਚ ਲੋਹੇ ਦੀ ਕਮੀ ਨਾਲ ਅਨੀਮਿਆ ਨਾਂ ਦੀ ਬਿਮਾਰੀ ਹੋ ਜਾਂਦੀ ਹੈ, ਜੋ ਕਿਸ਼ੋਰ ਅਵਸਥਾ ਵਿਚ, ਗਰਭਵਤੀ ਔਰਤਾਂ ਅਤੇ ਦੁੱਧ ਪਿਲਾਉਣ ਵਾਲੀਆਂ ਮਾਵਾਂ ਵਿਚ ਆਮ ਪਾਈ ਜਾਂਦੀ ਹੈ। ਰੋਜ਼ਾਨਾ ਖੁਰਾਕ ਵਿਚ ਹਰੀਆਂ ਸਬਜ਼ੀਆਂ ਦੀ ਵਰਤੋਂ ਨਾਲ ਅਨੀਮੀਆ ਤੋਂ ਬਚਿਆ ਜਾ ਸਕਦਾ ਹੈ। ਹਰੀਆਂ ਸਬਜ਼ੀਆਂ ਨੂੰ ਜ਼ਿਆਦਾ ਪਕਾਉਣ ਨਾਲ ਇਨ੍ਹਾਂ ਦੇ ਪੌਸ਼ਟਿਕ ਤੱਤ ਖਤਮ ਹੋ ਜਾਂਦੇ ਹਨ। ਇਸ ਲਈ ਹਰੀਆਂ ਸਬਜ਼ੀਆਂ ਨੂੰ ਕੱਚਾ ਹੀ ਖੁਰਾਕ ਵਿਚ ਸ਼ਾਮਲ ਕਰਨਾ ਜ਼ਿਆਦਾ ਲਾਭਕਾਰੀ ਹੁੰਦਾ ਹੈ। ਕਿਉਂਕਿ ਇਹ ਬਹੁਤ ਸਾਰੇ ਪੌਸ਼ਟਿਕ ਤੱਤ ਪ੍ਰਦਾਨ ਕਰਦੀਆਂ ਹਨ। ਆਓ ਹਰੀਆਂ ਪੱਤੇਦਾਰ ਸਬਜ਼ੀਆਂ ਅਤੇ ਘਰ ਵਿਚ ਮੌਜੂਦ ਹੋਰ ਸਮੱਗਰੀ ਨਾਲ ਸਲਾਦ ਤਿਆਰ ਕਰੀਏ ਅਤੇ ਰੋਜ਼ਾਨਾ ਖੁਰਾਕ ਵਿਚ ਤਬਦੀਲੀ ਤੇ ਵੰਨ ਸੁਵੰਨਤਾ ਲਿਆਈਏ।

**1.ਮੇਥੀ ਤੇ ਹਰੇ ਪਿਆਜ਼ ਦਾ ਸਲਾਦ**

**ਸਮੱਗਰੀ :** ਬਾਰੀਕ ਕੱਟਿਆ ਹਰਾ ਪਿਆਜ 2 ਕੱਪ, ਬਾਰੀਕ ਕੱਟੇ ਹੋਏ ਮੇਥੇ 1/2 ਕੱਪ, ਭੁੰਨੀ ਤੇ ਪੀਸੀ ਹੋਈ ਮੂੰਗਫਲੀ/ਛੋਲੇ 4 ਛੋਟੇ ਚਮਚ, ਨਿੰਬੂ 1, ਖੰਡ 1/2 ਛੋਟਾ ਚਮਚਾ, ਤੇਲ 1 ਛੋਟਾ ਚਮਚਾ, ਰਾਈ 1/2 ਛੋਟਾ ਚਮਚਾ, ਹਲਦੀ 1 ਚੁਟਕੀ, ਲੂਣ ਸਵਾਦ ਅਨੁਸਾਰ।

**ਤਰੀਕਾ :** ਬਾਰੀਕ ਕੱਟਿਆ ਹਰਾ ਪਿਆਜ਼, ਮੇਥੀ ਦੇ ਪੱਤੇ, ਮੂੰਗਫਲੀ ਖੰਡ ਤੇ ਲੂਣ ਰਲਾ ਲਓ। ਤੇਲ ਗਰਮ ਕਰਕੇ ਰਾਈ ਤੜਕ ਲਓ। ਫਿਰ ਇਸ ਤੜਕੇ ਨੂੰ ਸਾਰੇ ਮਿਸ਼ਰਣ ਵਿਚ ਰਲਾ ਕੇ ਉਸ ਉਪਰ ਨਿੰਬੂ ਦਾ ਰਸ ਪਾ ਕੇ ਚੰਗੀ ਤਰ੍ਹਾਂ ਰਲਾਉਣ ਤੋਂ ਬਾਅਦ ਪਰੋਸੋ।100 ਗ੍ਰਾਮ ਮੇਥੀ ਅਤੇ ਹਰੇ ਪਿਆਜ਼ ਦੇ ਸਲਾਦ ਵਿਚੋਂ 4.30 ਮਿਲੀਗ੍ਰਾਮ ਲੋਹਾ ਪ੍ਰਾਪਤ ਹੁੰਦਾ ਹੈ।

**2.ਪੁੰਗਰੀ ਦਾਲ ਤੇ ਹਰੇ ਪਿਆਜ਼ ਦਾ ਸਲਾਦ**

**ਸਮੱਗਰੀ :** ਪੁੰਗਰੀ ਸਾਬਤ ਮੂੰਗੀ 1 ਕੱਪ, ਬਾਰੀਕ ਕੱਟਿਆ ਹਰਾ ਪਿਆਜ਼ 1 ਕੱਪ, ਕੱਟਿਆ ਟਮਾਟਰ 1 ਕੱਪ, ਬਾਰੀਕ ਕੱਟਿਆ ਖੀਰਾ 1/4 ਕੱਪ, ਨਿੰਬੂ 1, ਬਾਰੀਕ ਕੱਟੀ ਹਰੀ ਮਿਰਚ ਸਵਾਦ ਅਨੁਸਾਰ, ਲੂਣ ਸਵਾਦ ਅਨੁਸਾਰ।

**ਤਰੀਕਾ :** ਪੁੰਗਰੀ ਹੋਈ ਦਾਲ ਨੂੰ ਭਾਫ਼ ਨਾਲ ਥੋੜ੍ਹਾ ਜਿਹਾ ਪਕਾ ਲਓ। ਉੱਪਰ ਲਿਖੀ ਸਾਰੀ ਸਮੱਗਰੀ ਨੂੰ ਰਲਾ ਕੇ ਉਪਰ ਉੱਪਰ ਨਿੰਬੂ ਦਾ ਰਸ ਨਿਚੋੜ ਦਿਓ। ਠੰਢਾ ਕਰਕੇ ਪਰੋਸੋ।

-ਪੁੰਗਰੀਆਂ ਦਾਲਾਂ ਵਿਚ ਵਿਟਾਮਿਨ ਸੀ ਕਾਫ਼ੀ ਕਾਤਰਾ ਵਿਚ ਹੁੰਦਾ ਹੈ ਅਤੇ ਇਹ ਸਰੀਰ ਵਿਚ ਲੋਹੇ ਦੇ ਸੋਖਣ ਨੂੰ ਵਧਾਉਂਦਾ ਹੈ। -100 ਗ੍ਰਾਮ ਪੁੰਗਰੀ ਦਾਲ ਅਤੇ ਹਰੇ ਪਿਆਜ਼ ਦੇ ਸਲਾਦ ਵਿਚੋਂ 2.69 ਮਿਲੀਗ੍ਰਾਮ ਲੋਹਾ ਪਾਇਆ ਜਾਂਦਾ ਹੈ।

Scanned with CamScanner

# ਪੰਜਾਬੀ ਸਿਨਮਾ ਦੇ ਮਾਣ 'ਚ ਵਾਧਾ ਕਰੇਗੀ ਫ਼ਿਲਮ 'ਨਿਡਰ'



ਪੰਜਾਬੀ ਸਿਨਮਾ ਪਿਛਲੇ ਕੁਝ ਸਮੇਂ ਤੋਂ ਵੱਖ-ਵੱਖ ਫਿਲਮਾਂ ਸਦਕਾ ਲਗਾਤਾਰ ਸਫਲਤਾ ਵੱਲ ਵੱਡੀਆਂ ਪੁਲਾਂਘਾਂ ਪੁੱਟ ਰਿਹਾ ਹੈ। ਸਫਲਤਾ ਦੀ ਇਸੇ ਲੜੀ ਨੂੰ ਅੱਗੇ ਤੌਰਨ ਲਈ ਇਕ ਹੋਰ ਫ਼ਿਲਮ "ਨਿਡਰ' ਤਿਆਰ ਹੈ। ਪੰਜਾਬੀ ਸਿਨੇਮੇ ਦੇ ਇਤਿਹਾਸ ਦੀ ਇਹ ਆਪਣੇ ਕਿਸਮ ਦੀ ਪਹਿਲੀ ਫ਼ਿਲਮ ਹੋਵੇਗੀ ਜੋ ਇੱਕੋ ਸਮੇਂ ਤਿੰਨ ਭਾਸ਼ਾਵਾਂ ਪੰਜਾਬੀ, ਹਿੰਦੀ ਅਤੇ ਤੇਲਗੂ ਵਿੱਚ ਰਿਲੀਜ ਹੋਵੇਗੀ। 12 ਮਈ ਨੂੰ ਦੁਨੀਆ ਭਰ ਵਿੱਚ ਰਿਲੀਜ਼ ਹੋ ਰਹੀ ਇਸ ਫ਼ਿਲਮ ਜ਼ਰੀਏ ਹਿੰਦੀ ਸਿਨਮਾ ਦੇ ਨਾਮਵਾਰ ਅਦਾਕਾਰ ਮੁਕੇਸ਼ ਰਿਸ਼ੀ ਦੇ ਬੇਟੇ ਰਾਘਵ ਰਿਸ਼ੀ ਸਿਲਵਰ ਸਕਰੀਨ 'ਤੇ ਆਗਮਨ ਕਰਨ ਜਾ ਰਹੇ ਹਨ। ਇਸ ਫ਼ਿਲਮ ਵਿੱਚ ਪਹਿਲੀ ਵਾਰ ਮੁਕੇਸ਼ ਰਿਸ਼ੀ ਤੇ ਰਾਘਵ ਰਿਸ਼ੀ ਪਿਓ-ਪੁੱਤ ਦੀ ਜੋੜੀ ਨਜ਼ਰ ਆਵੇਗੀ। ਇਸ ਫ਼ਿਲਮ ਨੂੰ ਹਰ ਪੱਖੋਂ ਬੇਹਤਰੀਨ ਬਣਾਉਣ ਲਈ ਨਿਰਦੇਸ਼ਕ ਮਨਦੀਪ ਸਿੰਘ ਚਾਹਲ ਨੇ ਬੇਹੱਦ ਮਿਹਨਤ ਕੀਤੀ ਹੈ। 'ਗੇੜੀ ਰੂਟ ਪ੍ਰੋਡੋਕਸ਼ਨ' ਦੇ ਬੈਨਰ ਹੇਠ ਬਣਾਈ ਗਈ ਇਸ ਫ਼ਿਲਮ ਦੀ ਸ਼ੂਟਿੰਗ ਚੰਡੀਗੜ੍ਹ, ਮੁਹਾਲੀ, ਹਿਮਾਚਲ ਪ੍ਰਦੇਸ਼ ਅਤੇ ਰਾਜਸਥਾਨ ਦੀਆਂ ਵੱਖ ਵੱਖ ਲੋਕੇਸ਼ਨਾਂ ਤੇ ਕੀਤੀ ਗਈ ਹੈ। ਇਸ ਫ਼ਿਲਮ ਵਿੱਚ ਰਾਘਵ ਰਿਸ਼ੀ ਦੇ ਨਾਲ ਅਦਾਕਾਰ ਕੁਲਨੂਰ ਬਰਾੜ ਬਤੌਰ ਹੀਰੋਇਨ ਨਜ਼ਰ ਆਵੇਗੀ।

ਫ਼ਿਲਮ ਵਿੱਚ ਵਿੰਦੂ ਦਾਰਾ ਸਿੰਘ, ਦੀਪ ਮਨਦੀਪ, ਵਿਕਰਮਜੀਤ ਵਿਰਕ, ਰੋਜ਼ ਕੌਰ, ਸਤਵੰਤ ਕੌਰ, ਸਰਦਾਰ ਸੋਹੀ, ਮਲਕੀਤ ਰੌਣੀ, ਮਿੰਟੂ ਕਾਪਾ, ਸ਼ਵਿੰਦਰ ਮਾਹਲ, ਮਨਿੰਦਰ ਕੈਲੀ, ਯੁਵਰਾਜ਼ ਔਲਖ, ਪਾਲੀ ਮਾਂਗਟ ਸਮੇਤ ਕਈ ਹੋਰ ਕਲਾਕਾਰ ਵੀ ਮਹੱਤਵਪੂਰਨ ਭੂਮਿਕਾਵਾਂ 'ਚ ਨਜ਼ਰ ਆਉਣਗੇ। ਫ਼ਿਲਮ ਦਾ ਸਟੋਰੀ-ਸਕਰੀਨ ਪਲੇ ਮਾਰੂਖ਼ ਮਿਰਜ਼ਾ ਬੇਗ ਨੇ ਲਿਖਿਆ ਹੈ, ਜਦਕਿ ਸੰਵਾਦ ਲੇਖਕ ਸੁਰਮੀਤ ਮਾਵੀ ਨੇ ਲਿਖੇ ਹਨ।

ਬਾਲੀਵੁੱਡ ਵਿਚ ਪ੍ਰਭਾਵਸ਼ਾਲੀ ਦਿੱਖ ਰੱਖਦੇ ਐਕਟਰ ਵਜੋਂ ਮਾਣਮੱਤੀ ਪਹਿਚਾਣ ਬਣਾ ਚੁੱਕੇ ਅਦਾਕਾਰ ਮੁਕੇਸ਼ ਰਿਸ਼ੀ ਦੱਸਦੇ ਹਨ ਕਿ ਪੰਜਾਬ ਪ੍ਰਤੀ ਉਨ੍ਹਾਂ ਦੀਆਂ ਭਾਵਨਾਵਾਂ ਹਮੇਸ਼ਾ ਕੋਮਲ ਰਹੀਆਂ ਹਨ, ਇਸੇ ਮੱਦੇਨਜ਼ਰ ਉਨ੍ਹਾਂ ਦੀ ਖ਼ਵਾਹਿਸ਼ ਸੀ ਕਿ ਉਨ੍ਹਾਂ ਦਾ ਬੇਟਾ ਇਸੇ ਸਿਨੇਮਾ ਨਾਲ ਜੁੜੀ ਫ਼ਿਲਮ ਦੁਆਰਾ ਆਪਣੇ ਫ਼ਿਲਮ ਕਰੀਅਰ ਦਾ ਆਗਾਜ਼ ਕਰੇ। ਉਨ੍ਹਾਂ ਦੱਸਿਆ ਕਿ ਬਾਪ ਅਤੇ ਬੇਟੇ ਦੀ ਭਾਵਨਾਤਮਕ ਸਾਂਝ ਆਧਾਰਿਤ ਇਹ ਫ਼ਿਲਮ ਰਿਸ਼ਤਿਆਂ ਦੀ ਕਦਰ ਕਰਨਾ ਵੀ ਸਿਖਾਵੇਗੀ। ਉਕਤ ਫ਼ਿਲਮ ਵਿਚ ਰਾਘਵ ਰਿਸ਼ੀ ਇੱਕ ਅਜਿਹੇ ਸਧਾਰਨ ਪਰ ਨਿਡਰ ਨੌਜਵਾਨ ਦਾ ਕਿਰਦਾਰ ਪਲੇ ਕਰ ਰਹੇ ਹਨ, ਜਿਸ ਨੂੰ ਇਕ ਅਜਿਹੇ ਮਿਸ਼ਨ ਲਈ ਸਮਰਪਿਤ ਹੋਣਾ ਪੈਂਦਾ ਹੈ, ਜੋ ਉਸ ਲਈ ਬਹੁਤ ਸਾਰੀਆਂ ਚੁਣੌਤੀਆਂ ਭਰਿਆ ਸਾਬਿਤ ਹੁੰਦਾ ਹੈ। ਪਰ ਇਸ ਦੌਰਾਨ ਸਾਹਮਣੇ ਆਉਣ ਵਾਲੇ ਹਰ ਖ਼ਤਰਨਾਕ ਪੜ੍ਹਾਅ ਦਾ ਇਹ ਨੌਜਵਾਨ ਬਹੁਤ ਹੀ ਸੂਝਬੂਝ ਅਤੇ ਦਲੇਰੀ ਨਾਲ ਆਪਣੇ ਜ਼ਜ਼ਬਿਆਂ ਨੂੰ ਅੰਜ਼ਾਮ ਦਿੰਦਾ ਹੈ।

ਨਿਰਦੇਸ਼ਕ ਮਨਦੀਪ ਸਿੰਘ ਚਾਹਲ ਮੁਤਾਬਕ ਇਹ ਫ਼ਿਲਮ ਪੰਜਾਬੀ ਦੀਆਂ ਉਨ੍ਹਾਂ ਫਿਲਮਾਂ ਵਿੱਚੋਂ ਹੋਵੇਗੀ ਜਿੰਨਾ ਰੁਝਾਨ ਤੋਂ ਵੱਖ ਹੋ ਕੇ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ ਹੈ। ਇਸ ਫ਼ਿਲਮ ਦੀ ਕਹਾਣੀ ਦੇ ਨਾਲ-ਨਾਲ ਦਰਸ਼ਕਾਂ ਨੂੰ ਇਸਦਾ ਸੰਗੀਤ ਵੀ ਬੇਹੱਦ ਪਸੰਦ ਆਵੇਗਾ। ਇਸ ਦਾ ਸੰਗੀਤ ਗੁਰਮੀਤ ਸਿੰਘ ਤੇ ਸਨੀ ਇੰਦਰ ਨੇ ਤਿਆਰ ਕੀਤਾ ਹੈ। ਦਲੇਰ ਮਹਿੰਦੀ, ਫਿਰੋਜ ਖਾਨ, ਨਵਰਾਜ ਹੰਸ, ਅਸੀਸ ਕੌਰ ਸਮੇਤ ਕਈ ਨਾਮੀਂ ਗਾਇਕਾਂ ਨੇ ਫ਼ਿਲਮ ਲਈ ਗੀਤ ਗਾਏ ਹਨ। 12 ਮਈ ਨੂੰ ਦੁਨੀਆ ਭਰ ਦੇ ਸਿਨੇਮਾ ਘਰਾਂ ਵਿੱਚ ਰਿਲੀਜ਼ ਹੋਣ ਜਾ ਰਹੀ ਇਸ ਫ਼ਿਲਮ ਤੋਂ ਫ਼ਿਲਮ ਦੀ ਟੀਮ ਦੇ ਨਾਲ -ਨਾਲ ਪੰਜਾਬੀ ਇੰਡਸਟਰੀ ਨੂੰ ਵੱਡੀਆਂ ਆਸਾਂ ਹਨ।

- ਹਰਜਿੰਦਰ ਸਿੰਘ ਜਵੰਦਾ। ਸੰਪਰਕ: 96438-28000

## ਪਰਵਾਸੀ ਪੰਜਾਬੀਆਂ ਦੇ ਜੀਵਨ 'ਤੇ ਝਾਤ ਪਾਉਂਦੀ ਫ਼ਿਲਮ 'ਏਸ ਜਹਾਨੋਂ ਦੂਰ ਕਿੱਤੇ-ਚਲ ਜਿੰਦੀਏ'



ਪੰਜਾਬੀ ਸਿਨੇਮਾਂ ਹੁਣ ਤੇਜ਼ੀ ਨਾਲ ਅੱਗੇ ਵੱਧ ਰਿਹਾ ਹੈ ਤੇ ਨਵੇਂ-ਨਵੇਂ ਵਿਸ਼ਿਆਂ ਦੀ ਫਿਲਮਾਂ ਦਰਸ਼ਕਾਂ ਦੀ ਝੋਲੀ ਪਾ ਰਿਹਾ ਹੈ। ਦਰਸ਼ਕ ਵੀ ਹੁਣ ਰਲਦੇ-ਮਿਲਦੇ ਵਿਸ਼ਿਆਂ ਵਾਲੀਆਂ ਫਿਲਮਾਂ ਨੂੰ ਨਕਾਰ ਕੇ ਕੁਝ ਵੱਖਰਾ ਵੇਖਣ ਦੀ ਚਾਹਤ ਰੱਖਦੇ ਹਨ। ਇਸੇ ਰੁਝਾਨ ਤਹਿਤ 'ਨੀਰੂ ਬਾਜਵਾ ਐਂਟਰਟੇਨਮੈਂਟ' ਅਤੇ 'ਘੈਂਟ ਬੁਆਇਜ ਐਂਟਰਟੇਨਮੈਂਟ' ਬੈਨਰ ਇੱਕ ਵੱਖਰੇ ਵਿਸ਼ੇ ਦੀ ਆਪਣੀ ਨਵੀਂ ਫਿਲਮ 'ਏਸ ਜਹਾਨੋਂ ਦੂਰ ਕਿੱਤੇ ਚਲ ਜਿੰਦੀਏ' ਰੂ-ਬਰੂ ਹੋਈ ਹੈ। ਇਸ ਫਿਲਮ ਵਿੱਚ ਨੀਰੂ ਬਾਜਵਾ, ਗੁਰਪ੍ਰੀਤ ਘੁੱਗੀ, ਕੁਲਵਿੰਦਰ ਬਿੱਲਾ, ਜੱਸ ਬਾਜਵਾ, ਅਦਿਤੀ ਸ਼ਰਮਾ ਅਤੇ ਰੁਪਿੰਦਰ ਰੂਪੀ ਨੂੰ ਇੱਕੋਂ ਸਕਰੀਨ ਉੱਤੇ ਇਕੱਠੇ ਨਜ਼ਰ ਆਉਣਗੇ। ਇਸ ਫਿਲਮ ਨੂੰ ਨਿਰਮਾਤਾ ਹੈਰੀ ਕਾਹਲੋਂ, ਕੁਲਵਿੰਦਰ ਬਿੱਲਾ ਅਤੇ ਸੰਤੋਸ਼ ਸੁਭਾਸ਼ ਥੀਟੇ ਦੁਆਰਾ ਪ੍ਰੋਡਿਊਜ ਕੀਤਾ ਗਿਆ ਹੈ।

ਫਿਲਮ ਕਹਾਣੀ ਦੇ ਉਸ ਹਿੱਸੇ ਨਾਲ ਵਾਕਿਫ਼ ਕਰਾਉਂਦੀ ਹੈ ਜੋ ਆਪਣੇ ਵਤਨ ਅਤੇ ਆਪਣੀ ਮਿੱਟੀ ਨੂੰ ਛੱਡ ਪ੍ਰਦੇਸਾਂ ਵਿੱਚ ਵੱਸ ਰਹੇ ਹਨ। ਇਹ ਲੜਾਈ ਹੋਂਦ ਅਤੇ ਹੱਕਾਂ ਦੀ ਹੈ ਜੋ ਸਾਡੀ ਦੇਸ਼ ਪ੍ਰਤੀ ਪਿਆਰ ਦੀ ਭਾਵਨਾ ਨੂੰ ਦਰਸਾਉਂਦੀ ਹੈ। ਫਿਲਮ ਦੇ ਨਿਰਦੇਸ਼ਕ ਉਦੈ ਪ੍ਰਤਾਪ ਸਿੰਘ ਹਨ ਅਤੇ ਫਿਲਮ ਦੀ ਕਹਾਣੀ ਜਗਦੀਪ ਵੜਿੰਗ ਨੇ ਲਿਖੀ ਗਈ ਹੈ ਜਿਨ੍ਹਾਂ ਨੇ 'ਮਾਂ ਦਾ ਲਾਡਲਾ', 'ਗਲਵੱਕੜੀ' ਅਤੇ 'ਮੈਂ ਤੇ ਬਾਪੂ' ਵਰਗੀਆਂ ਫਿਲਮਾਂ ਦੀ ਬਾ-ਕਮਾਲ ਕਹਾਣੀ ਵੀ ਲਿਖੀ ਸੀ। ਇਸ ਫਿਲਮ ਦਾ ਬੈਕਗਰਾਊਂਡ ਸਕੋਰ ਰਾਜੂ ਸਿੰਘ ਨੇ ਦਿੱਤਾ ਹੈ, ਔਰ ਸੰਗੀਤ ਵੇਹਲੀ ਜਨਤਾ ਰਿਕੋਰਡਸ ਵੱਲੋਂ ਦਿੱਤਾ ਗਿਆ ਹੈ।

ਇਸ ਫਿਲਮ ਦੇ ਟ੍ਰੇਲਰ ਨੂੰ ਪੇਸ਼ ਕਰਦੇ ਹੋਏ ਨਿਰਮਾਤਾ ਹੈਰੀ ਕਾਹਲੋਂ, ਕੁਲਵਿੰਦਰ ਬਿੱਲਾ ਅਤੇ ਸੰਤੋਸ਼ ਸੁਭਾਸ਼ ਥੀਟੇ ਨੇ ਖੁਸ਼ੀ ਜਾਹਿਰ ਕਰਦਿਆਂ ਕਿਹਾ ਕਿ ਇਹ ਫਿਲਮ ਦੇਸ਼ ਪ੍ਰਤੀ ਪਿਆਰ ਅਤੇ ਵਿਛੜਨ ਦੇ ਦਰਦ ਨੂੰ ਦਰਸਾਉਂਦੀ ਹੈ। ਸਾਡਾ ਫਿਲਮ ਨੂੰ ਪੇਸ਼ ਕਰਨ ਦਾ ਮਕਸਦ ਇਹ ਹੈ ਕਿ ਦਰਸ਼ਕ ਸਾਡੀ ਫਿਲਮ ਬਣਾਉਣ ਦੇ ਸੱਚੇ ਅਤੇ ਨੇਕ ਇਰਾਦੇ ਨੂੰ ਚੰਗੀ ਤਰ੍ਹਾਂ ਸਮਝ ਸਕਣ। ਸਾਨੂੰ ਉਮੀਦ ਹੈ ਕਿ ਦਰਸ਼ਕ ਸਾਡੀ ਨਵੀਂ ਪੇਸ਼ਕਸ਼ ਨੂੰ ਆਪਣਾ ਭਰਪੂਰ ਪਿਆਰ ਦੇਣਗੇ। ਫਿਲਮ ਦੀ ਕਹਾਣੀ ਦੀ ਗੱਲ ਕਰਦਿਆਂ ਨਿਰਦੇਸ਼ਕ ਉਦੈ ਪ੍ਰਤਾਪ ਸਿੰਘ ਦਾ ਕਹਿਣਾ ਹੈ, "ਮੈਂ ਇਸ ਫਿਲਮ ਦੀ ਕਹਾਣੀ ਨੂੰ ਆਪਣੇ ਇੰਨਾ ਕਰੀਬ ਦੇਖਿਆ ਕਿ ਮੈਨੂੰ ਇਹ ਸੱਚ-ਮੁੱਚ ਅਸਲੀ ਕਹਾਣੀ ਲਗਦੀ ਹੈ।

ਹਰਜਿੰਦਰ ਸਿੰਘ, ਮੋ. 94638-28000




Scanned with CamScanner

# ਸ਼ਹੀਦ ਕੁਲਵੰਤ ਸਿੰਘ ਫੌਜੀ ਨੂੰ ਅਹਿਮ ਸ਼ਖਸ਼ੀਅਤਾਂ ਵੱਲੋਂ ਪਾਰਟੀਬਾਜੀ ਤੋਂ ਉਪਰ ਉਠ ਕੇ ਦਿੱਤੀਆਂ ਗਈਆਂ ਸ਼ਰਧਾਂਜਲੀਆਂ

## ਮੈਂ ਆਰਮੀ ਪ੍ਰੀਵਾਰ ਨਾਲ ਸਬੰਧ ਰੱਖਦੀ ਹਾਂ ਇਸ ਲਈ ਮੈਂ ਜਾਣਦੀ ਹਾਂ ਜਦੋਂ ਕੋਈ ਸ਼ਹੀਦ ਹੁੰਦਾ ਹੈ ਤਾਂ ਉਸ ਦੇ ਪ੍ਰੀਵਾਰ ਤੇ ਕੀ ਬੀਤਦੀ ਹੈ -ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ



ਮੋਗਾ ਦੇ ਪਿੰਡ ਚੜਿੱਕ ਤੋਂ ਵਿਸ਼ੇਸ਼ ਰਿਪੋਰਟ/ ਭਵਨਦੀਪ ਸਿੰਘ ਪੁਰਬਾ

ਚੜ੍ਹਦੀ ਉਮਰੇ ਦੇਸ਼ ਤੋਂ ਜਾਨ ਵਾਰਨ ਵਾਲੇ ਮੋਗਾ ਜਿਲ੍ਹੇ ਦੇ ਪਿੰਡ ਚੜਿੱਕ ਦੇ ਫੌਜੀ ਸ਼ਹੀਦ ਕੁਲਵੰਤ ਸਿੰਘ ਜੋ ਦੁਸ਼ਮਣਾਂ ਨਾਲ ਲੋਹਾ ਲੈਂਦਿਆਂ ਪੁੰਛ ਰਜੋਰੀ (ਜੰਮੂ ਕਸ਼ਮੀਰ) ਵਿਖੇ ਸ਼ਹੀਦੀ ਦਾ ਜਾਮ ਪੀ ਗਏ ਸਨ ਅੱਜ ਉਨ੍ਹਾਂ ਦੀ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ ਮੌਕੇ ਉਨ੍ਹਾਂ ਦੇ ਪਿੰਡ ਚੜਿੱਕ ਵਿਖੇ ਹਜਾਰਾਂ ਦੀ ਗਿਣਤੀ ਵਿੱਚ ਉਨ੍ਹਾਂ ਨੂੰ ਸੱਜਣਾ, ਮਿੱਤਰਾਂ, ਸਨੇਹੀਆਂ, ਇਲਾਕੇ ਭਰ ਦੇ ਲੀਡਰਾਂ ਅਤੇ ਕਈ ਮਾਣਯੋਗ ਸ਼ਖਸ਼ੀਅਤਾਂ ਵੱਲੋਂ ਉਨ੍ਹਾਂ ਦੀ ਅੰਤਿਮ ਅਰਦਾਸ ਵਿੱਚ ਸ਼ਾਮਿਲ ਹੋ ਕੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ। ਜਿਕਰ ਯੋਗ ਹੈ ਕਿ ਸ਼ਹੀਦ ਕੁਲਵੰਤ ਸਿੰਘ ਦੇ ਪਿਤਾ ਸ. ਬਲਦੇਵ ਸਿੰਘ ਕਾਰਗਿਲ ਦੀ ਲੜਾਈ ਵਿੱਚ ਸ਼ਹੀਦ ਹੋ ਗਏ ਸਨ ਉਦੋਂ ਸ਼ਹੀਦ ਕੁਲਵੰਤ ਸਿੰਘ ਕੁੱਝ ਮਹੀਨਿਆਂ ਦੇ ਹੀ ਸਨ। ਇਨ੍ਹਾਂ ਦੀ ਮਾਤਾ ਹਰਜਿੰਦਰ ਕੌਰ ਨੇ ਬੜੀ ਮੁਸਕਿਲ ਨਾਲ ਆਪਣੇ ਪੁੱਤਰ ਦੀ ਪਰਵਰਿਸ਼ ਕੀਤੀ ਸੀ। ਹੁਣ ਸ਼ਹੀਦ ਕੁਲਵੰਤ ਸਿੰਘ ਦਾ ਬੇਟਾ ਫਤਹਿਵੀਰ ਸਿੰਘ ਸਿਰਫ ਪੰਜ ਮਹੀਨੇ ਦਾ ਹੈ ਅਤੇ ਬੇਟੀ ਅਰਮਾਨਦੀਪ ਕੌਰ ਸਿਰਫ ਢੇਡ ਸਾਲ ਦੀ ਹੈ। ਉਨ੍ਹਾਂ ਦੀ ਪਤਨੀ ਹਰਦੀਪ ਕੌਰ ਲਈ ਇਹ ਮੁਸ਼ਕਿਲ ਦੀ ਘੜੀ ਹੈ।

ਸ਼ਰਧਾਂਜਲੀ ਸਮਾਗਮ ਵਿੱਚ ਮੈਂਬਰ ਪਾਰਲੀਮੈਂਟ ਸ਼੍ਰੀ ਮੁਹੰਮਦ ਸਦੀਕ, ਸਾਬਕਾ ਮੰਤਰੀ ਸ. ਬਲਵੰਤ ਸਿੰਘ ਰਾਮੂੰਵਾਲੀਆ, ਮੋਗਾ ਦੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ, ਵਿਧਾਇਕ ਧਰਮਕੋਟ ਦਵਿੰਦਰ ਜੀਤ ਸਿੰਘ ਲਾਡੀ ਢੋਸ, ਰਣਵਿੰਦਰ ਸਿੰਘ ਪੱਪੂ ਰਾਮੂੰਵਾਲੀਆ,ਕੈਪਟਨ ਅਮਰਜੀਤ ਸਿੰਘ ਨੇ ਸਟੇਜ ਤੇ ਹਾਜਰੀ ਲਵਾਉਂਦੇ ਹੋਏ ਸ਼ਹੀਦ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਅਤੇ ਪ੍ਰੀਵਾਰ ਨੂੰ ਹਰ ਪ੍ਰਕਾਰ ਦਾ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ। ਸਟੇਜ ਸਕੱਤਰ ਵੱਲੋਂ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਵੱਲੋਂ ਦਿਲ ਦੀਆਂ ਗਹਿਰਾਈਆਂ 'ਚੋ ਜੋ ਪ੍ਰੀਵਾਰ ਨਾਲ ਹਮਦਰਦੀ ਜਤਾਈ ਗਈ ਹੈ ਉਸ ਲਈ ਉਨ੍ਹਾਂ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਗਿਆ। ਇਸ ਮੌਕੇ ਬੋਲਦਿਆਂ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਮੈਂ ਆਰਮੀ ਪ੍ਰੀਵਾਰ ਨਾਲ ਸਬੰਧ ਰੱਖਦੀ ਹਾਂ ਇਸ ਲਈ ਮੈਂ ਜਾਣਦੀ ਹਾਂ ਕਿ ਜਦੋਂ ਕਿਤੇ ਲੜਾਈ ਲੱਗਦੀ ਜਾਂ ਕਿਸੇ ਪ੍ਰੀਵਾਰ ਦਾ ਕੋਈ ਮੈਂਬਰ ਸ਼ਹੀਦ ਹੁੰਦਾ ਹੈ ਤਾਂ ਉਸ ਤੇ ਕੀ ਬੀਤਦੀ ਹੈ।

ਇਸ ਮੌਕੇ ਅਕਾਲ ਅਕੈਡਮੀ ਬੜੂ ਸਾਹਿਬ ਕਾਲੇਕੇ ਤੋਂ ਕੁਲਦੀਪ ਸਿੰਘ ਨੇ ਬੱਚਿਆਂ ਦੀ ਪੜਾਈ ਮੁਫਤ ਕਰਵਾਉਣ ਦਾ ਐਲਾਨ ਕੀਤਾ। ਆਈ.ਏ.ਐਸ ਲਛਮਣ ਸਿੰਘ ਮਲੂਕਾ ਨੇ ਪ੍ਰੀਵਾਰ ਨੂੰ 51,000/- ਰੁਪਏ ਦੀ ਮੱਦਦ ਦਿੱਤੀ। ਪਿਛਲੇ ਦਿਨੀ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਵੱਲੋਂ ਆਪਣੀ ਇੱਕ ਮਹੀਨੇ ਦੀ ਤਨਖਾਨ ਦੇਣ ਦਾ ਐਲਾਨ ਕੀਤਾ ਗਿਆ ਹੈ। ਸਟੇਜ ਦੀ ਸੇਵਾ ਅਜਮੇਰ ਸਿੰਘ ਨੇ ਬਾਖੂਬੀ ਨਿਭਾਈ ਗਈ।

ਇਸ ਮੌਕੇ ਬਹੁੱਤ ਸਾਰੀਆਂ ਮਾਣਯੋਗ ਸ਼ਖਸ਼ੀਅਤਾਂ ਸਮੇਤ ਮੋਗਾ ਦੇ ਡਿਪਟੀ ਕਮਿਸ਼ਨਰ ਸ. ਕੁਲਵੰਤ ਸਿੰਘ ਵੱਲੋਂ ਤਹਿਸੀਲਦਾਰ ਲਖਵਿੰਦਰ ਸਿੰਘ ਗਿੱਲ, ਮਾਲਵਿਕਾ ਸੂਦ (ਜਿਲ੍ਹਾ ਮੀਤ-ਪ੍ਰਧਾਨ ਕਾਂਗਰਸ), ਐਮ.ਐਲ.ਏ. ਮਨਜੀਤ ਸਿੰਘ ਬਿਲਾਸਪੁਰ, ਸਾਬਕਾ ਐਮ.ਐਲ.ਏ. ਡਾ. ਹਰਜੋਤ ਕਮਲ, ਸਾਬਕਾ ਮੰਤਰੀ ਡਾ. ਮਾਲਤੀ ਥਾਪਰ, ਬਲਜਿੰਦਰ ਸਿੰਘ 'ਮੱਖਣ' ਬਰਾੜ, ਹਰਮਨਜੀਤ ਸਿੰਘ ਦੀਦਾਰੇਵਾਲਾ (ਜਿਲ੍ਹਾ ਪ੍ਰਧਾਨ: ਆਪ ਮੋਗਾ), ਮੈਡਮ ਕਮਲਜੀਤ ਕੌਰ ਮੋਗਾ (ਜਿਲ੍ਹਾ ਪ੍ਰਧਾਨ: ਆਪ ਮਹਿਲਾ ਵਿੰਗ), ਇੰਪਰੂਵਮੈਂਟ ਟਰੱਸਟ ਮੋਗਾ ਦੇ ਚੈਅਰਮੈਨ ਦੀਪਕ ਅਰੋੜਾ, ਚੇਅਰਮੈਨ ਇੰਦਰਜੀਤ ਸਿੰਘ, ਸਰਪੰਚ ਚਮਕੌਰ ਸਿੰਘ ਰਾਮੂੰਵਾਲਾ, ਸੀਨੀਅਰ ਆਪ ਆਗੂ ਰਿੰਪੀ ਗਰੇਵਾਲ, ਆਪ ਆਗੂ ਅਜੈ ਸ਼ਰਮਾ, ਆਪ ਆਗੂ ਮੈਡਮ ਸੋਨੀਆ ਢੰਡ, ਬਲਕਾਰ ਸਿੰਘ, ਕਰਨੈਲ ਸਿੰਘ, ਸਾਬਕਾ ਪ੍ਰਧਾਨ ਕਰਨਲ ਬਾਬੂ ਸਿੰਘ, ਸੁਰਜੀਤ ਸਿੰਘ, ਸ਼ਹੀਦ ਜੈਮਲ ਸਿੰਘ ਦੇ ਪਿਤਾ ਸ. ਜਸਵੰਤ ਸਿੰਘ, ਸਾਬਕਾ ਐਮ.ਐਲ.ਏ. ਹਰੀ ਸਿੰਘ ਖਾਈ, ਭੁਪਿੰਦਰ ਸਿੰਘ ਸਾਹੋਕੇ, ਸਾਬਕਾ ਪ੍ਰਧਾਨ ਨਗਰ ਕੌਂਸਲ ਇੰਦਰਜੀਤ ਜੌਲੀ, ਇੱਕਤਰ ਸਿੰਘ ਮਾਣੂਕੇ, ਕੈਪਟਨ ਸੁਰਜੀਤ ਸਿੰਘ ਮਾਣੂਕੇ, ਚੇਅਰਮੈਨ ਅਮਰਜੀਤ ਸਿੰਘ ਲੰਡੇਕੇ, ਗੁਰਬਿੰਦਰ ਸਿੰਘ ਸਿੰਘਾਂਵਾਲਾ, ਕਰਨਲ ਬਲਕਾਰ ਸਿੰਘ, ਕੈਪਟਨ ਬਿੱਕਰ ਸਿੰਘ ਆਦਿ ਮੁੱਖ ਤੌਰ ਤੇ ਹਾਜਰ ਸਨ।

'ਮਹਿਕ ਵਤਨ ਦੀ ਲਾਈਵ' ਬਿਓਰੋ (ਮਾਸਿਕ ਮੈਗਜੀਨ, ਰੋਜਾਨਾ ਆਨਲਾਈਨ ਅਖਬਾਰ ਅਤੇ ਵੈਬ ਟੀਵੀ) ਵਾਸਤੇ ਹਰ ਏਰੀਏ ਤੋਂ

ਪੱਤਰਕਾਰਾਂ ਦੀ ਜਰੂਰਤ ਹੈ

ਪੱਤਰਕਾਰ ਬਣਨ ਦੇ ਚਾਹਵਾਨ ਲੜਕੇ-ਲੜਕੀਆਂ ਜਲਦੀ ਸੰਪਰਕ ਕਰੋ।




Help Line: (+91) 9988 92 9988 * E-Mail: mehakwattandi@rediffmail.com

Scanned with CamScanner

# ਦੁਬਈ 'ਚ ਪੰਜਾਬੀਆਂ ਦਾ ਟਰਾਂਸਪੋਰਟ ਕਾਰੋਬਾਰ

ਪਰਮਜੀਤ ਸਿੰਘ

***ਟਰਾਂਸਪੋਰਟ ਧੰਦੇ ਨਾਲ ਜੁੜੇ ਪੰਜਾਬੀਆਂ ਦੇ ਸਥਾਨਕ ਪ੍ਰਸ਼ਾਸਨ ਤੇ ਲੋਕਾਂ ਵਿਚ ਆਪਣੀ ਇਕ ਵਿਸ਼ੇਸ਼ ਥਾਂ ਬਣਾਈ ਆਪਣੇ ਕਿੱਤੇ ਪ੍ਰਤੀ ਲਗਨ ਤੇ ਇਮਾਨਦਾਰੀ ਨਾਲ ਵਿਚਰਨਾ ਉਨ੍ਹਾਂ ਦਾ ਸੁਭਾਅ ਹੈ। ਉਦੋਂ ਹੋਰ ਵੀ ਮਾਣ ਹੁੰਦਾ ਹੈ ਜਦੋਂ ਪੰਜਾਬੀਆਂ ਦੇ ਸੁਭਾਅ ਦੀ ਹਾਂ ਪੱਖੀ ਚਰਚਾ ਗ਼ੈਰ ਪੰਜਾਬ ਜਾਂ ਸਥਾਨਕ ਅਰਬੀ ਲੋਕ ਵੀ ਕਰਦੇ ਹਨ। ਮੇਰੀ ਇਹ ਦੁਬਈ 'ਚ ਦੂਜੀ ਫੇਰੀ ਸੀ ਇਸ ਵਾਰ ਮੈਂ ਦੁਬਈ 'ਚ ਪੰਜਾਬੀਆਂ ਟਰਾਂਸਪੋਰਟ ਦੇ ਧੰਦੇ ਨੂੰ ਨੇੜਿਉਂ ਵੇਖਿਆ ਹੈ। ਮੈਨੂੰ ਆਪਣੇ ਦੇਸ਼ ਦੇ ਟਰਾਂਸਪੋਰਟ ਸਿਸਟਮ ਤੇ ਦੁਬਈ ਦੇ ਟਰਾਂਸਪੋਰਟ ਸਿਸਟਮ 'ਚ ਬਹੁਤ ਫਰਕ ਨਜ਼ਰ ਆਇਆ। ਦੁਬਈ ਵਿਚ ਭਾਰਤ ਵਾਂਗ ਟਰੱਕ ਅਪਰੇਟਰਾਂ ਤੇ ਚਾਲਕਾਂ ਨੂੰ ਵਾਧੂ ਦੀ ਸਰਕਾਰੀ ਦਖ਼ਲ-ਅੰਦਾਜ਼ੀ ਜਾਂ ਰਿਸ਼ਵਤਖੋਰੀ ਨਹੀਂ, ਜਿਸ ਕਰਕੇ ਪੰਜਾਬੀ ਟਰਾਂਸਪੋਰਟਰ ਸੌਖੇ ਹਨ। ਵਪਾਰਕ ਤੌਰ 'ਤੇ ਢੋਅ-ਢੁਆਈ ਦਾ ਕੰਮ ਵੀ ਦਿਨ-ਰਾਤ ਮੁਕਦਾ ਨਹੀਂ ਉਸਾਰੀ ਮੈਟੀਰੀਅਲ ਸਮੇਤ ਬੰਦਰਗਾਹਾਂ ਤੋਂ ਢੋਆ-ਢੁਆਈ ਲਗਾਤਾਰ ਚਲਦੀ ਹੈ। ਵਾਟਰ ਟੈਂਕਰ ਤੇ ਡਰੇਨਜ਼ ਟੈਂਕਰ ਦੇ ਵੀ ਕਾਫੀ ਟਰਾਂਸਪੋਰਟ ਹੈ। ਸਭ ਕੁਝ ਪਾਰਦਰਸ਼ੀ ਹੈ। ਟਰੱਕ ਵਾਲਿਆਂ ਨੂੰ ਗਲਤੀ ਤੋਂ ਬਿਨਾਂ ਪੁਲੀਸ ਨੇ ਫੜਨਾ ਨਹੀਂ ਜੇਕਰ ਉਲੰਘਣਾ ਹੋ ਗਈ ਤਾਂ ਛੱਡਣਾ ਨਹੀਂ। ਜੋ ਅਜਿਹਾ ਕੁਲ ਆਪਣੇ ਦੇਸ਼ ਭਾਰਤ ਵਿਚ ਨਹੀਂ ਚਲਦਾ। ਉਸੇ ਕਿਰਤ ਤੇ ਕਾਰੋਬਾਰੀ ਸਿਸਟਮ ਵਿਚ ਹਰ ਮਿਹਨਤਕਸ਼ ਟਰਾਂਸਪੋਰਟ ਬਣ ਸਕਦਾ ਹੈ।***




ਪੰਜਾਬੀਆਂ ਨੇ ਭਾਵੇਂ ਰੁਜਗਾਰ ਜਾਂ ਬਿਜਨਸ ਲਈ ਕਲਕੱਤੇ ਪ੍ਰਵਾਸ ਕੀਤਾ ਜਾਂ ਕੈਲੇਫੋਰਨੀਆਂ ਉਨ੍ਹਾਂ ਹਮੇਸ਼ਾਂ ਟਰਾਂਸਪੋਰਟ ਦੇ ਕਾਰੋਬਾਰ ਨੂੰ ਤਰਜੀਹ ਦਿੱਤੀ। ਅੱਜ ਪੰਜਾਬ ਵਿਚ ਭਾਵੇਂ ਟਰਾਂਸਪੋਰਟ ਦਾ ਧੰਦਾ ਦਿਨੋ-ਦਿਨ ਘਾਟੇ ਵਾਲਾ ਸਿੱਧ ਹੁੰਦਾ ਜਾ ਰਿਹਾ ਹੈ ਪਰ ਵਿਦੇਸ਼ਾਂ ਵਿਚ ਪੰਜਾਬੀ ਟਰਾਂਸਪੋਰਟ ਦੇ ਕਿੱਤੇ ਨੂੰ ਸਭ ਤੋਂ ਸਫ਼ਲ ਕਿੱਤਿਆਂ ਦੇ ਵਿਚ ਮੰਨਦੇ ਹਨ। ਅੱਜ ਪੰਜਾਬੀ ਕਨੇਡਾ ਅਤੇ ਅਮਰੀਕਾ ਵਿਚ ਤਕੜੇ ਟਰਾਂਸਪੋਰਟ ਕਾਰੋਬਾਰ ਚਲਾਉਂਦੇ ਹਨ। ਉਥੇ ਅਰਬ ਦੇਸ਼ ਯੁਨਾਈਟਡ ਅਰਬ ਅਮੀਰਾਤ ਵਿਖੇ ਵੀ ਸਫ਼ਲ ਟਰਾਂਸਪੋਰਟ ਕਾਰੋਬਾਰੀ ਅਖਵਾਉਂਦੇ ਹਨ ਇਕ ਅਨੁਮਾਨ ਅਨੁਸਾਰ ਅੱਜ ਦੁਬਈ ਵਿਚ ਪੰਜਾਬੀਆਂ ਦਾ ਕੋਈ 20 ਕੁ ਹਜ਼ਾਰ ਟਰੱਕ ਦਿਨ ਰਾਤ ਸੜਕਾਂ ਤੇ ਦੌੜਦਾ ਹੈ। ਦੁਬਈ ਦੀ ਟੋਟਲ ਟਰਾਂਸਪੋਰਟਰ ਦਾ 70% ਬਿਜਨਸ ਪੰਜਾਬੀਆਂ ਦੇ ਹੱਥਾਂ ਵਿਚ ਹੈ 100 ਤੋਂ ਲੈ ਕੇ 500 ਗੱਡੀਆਂ ਵਾਲੇ ਦਰਜਨਾਂ ਟਰਾਂਸਪੋਰਟਰ ਹਨ। ਬਾਕੀ 10 ਤੋਂ ਲੈ ਕੇ 40-50 ਜਾਂ 70-80 ਗੱਡੀਆਂ ਵਾਲੇ ਵੀ ਸੈਂਕੜੇ ਟਰਾਂਸਪੋਰਟ ਹਨ। ਗੱਲ ਦੀ ਦੁਬਈ 'ਚ ਪੰਜਾਬੀਆਂ ਦੇ ਟਰਾਂਸਪੋਰਟ ਦੀ ਕੰਮ ਵਿਚ ਕਿਸੇ ਵੀ ਹੋਰ ਕੌਮ ਜਾਂ ਨਸਲ ਦੇ ਲੋਕਾਂ ਨੂੰ ਅੱਗੇ ਨਹੀਂ ਨਿਕਲਣ ਦਿੱਤਾ।

ਟਰਾਂਸਪੋਰਟ ਧੰਦੇ ਨਾਲ ਜੁੜੇ ਪੰਜਾਬੀਆਂ ਦੇ ਸਥਾਨਕ ਪ੍ਰਸ਼ਾਸਨ ਤੇ ਲੋਕਾਂ ਵਿਚ ਆਪਣੀ ਇਕ ਵਿਸ਼ੇਸ਼ ਥਾਂ ਬਣਾਈ ਆਪਣੇ ਕਿੱਤੇ ਪ੍ਰਤੀ ਲਗਨ ਤੇ ਇਮਾਨਦਾਰੀ ਨਾਲ ਵਿਚਰਨਾ ਉਨ੍ਹਾਂ ਦਾ ਸੁਭਾਅ ਹੈ। ਉਦੋਂ ਹੋਰ ਵੀ ਮਾਣ ਹੁੰਦਾ ਹੈ ਜਦੋਂ ਪੰਜਾਬੀਆਂ ਦੇ ਸੁਭਾਅ ਦੀ ਹਾਂ ਪੱਖੀ ਚਰਚਾ ਗ਼ੈਰ ਪੰਜਾਬ ਜਾਂ ਸਥਾਨਕ ਅਰਬੀ ਲੋਕ ਵੀ ਕਰਦੇ ਹਨ। ਮੇਰੀ ਇਹ ਦੁਬਈ 'ਚ ਦੂਜੀ ਫੇਰੀ ਸੀ ਇਸ ਵਾਰ ਮੈਂ ਦੁਬਈ 'ਚ ਪੰਜਾਬੀਆਂ ਟਰਾਂਸਪੋਰਟ ਦੇ ਧੰਦੇ ਨੂੰ ਨੇੜਿਉਂ ਵੇਖਿਆ ਹੈ। ਮੈਨੂੰ ਆਪਣੇ ਦੇਸ਼ ਦੇ ਟਰਾਂਸਪੋਰਟ ਸਿਸਟਮ ਤੇ ਦੁਬਈ ਦੇ ਟਰਾਂਸਪੋਰਟ ਸਿਸਟਮ 'ਚ ਬਹੁਤ ਫਰਕ ਨਜ਼ਰ ਆਇਆ। ਦੁਬਈ ਵਿਚ ਭਾਰਤ ਵਾਂਗ ਟਰੱਕ ਅਪਰੇਟਰਾਂ ਤੇ ਚਾਲਕਾਂ ਨੂੰ ਵਾਧੂ ਦੀ ਸਰਕਾਰੀ ਦਖ਼ਲ-ਅੰਦਾਜ਼ੀ ਜਾਂ ਰਿਸ਼ਵਤਖੋਰੀ ਨਹੀਂ, ਜਿਸ ਕਰਕੇ ਪੰਜਾਬੀ ਟਰਾਂਸਪੋਰਟਰ ਸੌਖੇ ਹਨ। ਵਪਾਰਕ ਤੌਰ 'ਤੇ ਢੋਅ-ਢੁਆਈ ਦਾ ਕੰਮ ਵੀ ਦਿਨ-ਰਾਤ ਮੁਕਦਾ ਨਹੀਂ ਉਸਾਰੀ ਮੈਟੀਰੀਅਲ ਸਮੇਤ ਬੰਦਰਗਾਹਾਂ ਤੋਂ ਢੋਆ-ਢੁਆਈ ਲਗਾਤਾਰ ਚਲਦੀ ਹੈ। ਵਾਟਰ ਟੈਂਕਰ ਤੇ ਡਰੇਨਜ਼ ਟੈਂਕਰ ਦੇ ਵੀ ਕਾਫੀ ਟਰਾਂਸਪੋਰਟ ਹੈ। ਸਭ ਕੁਝ ਪਾਰਦਰਸ਼ੀ ਹੈ। ਟਰੱਕ ਵਾਲਿਆਂ ਨੂੰ ਗਲਤੀ ਤੋਂ ਬਿਨਾਂ ਪੁਲੀਸ ਨੇ ਫੜਨਾ ਨਹੀਂ ਜੇਕਰ ਉਲੰਘਣਾ ਹੋ ਗਈ ਤਾਂ ਛੱਡਣਾ ਨਹੀਂ। ਜੋ ਅਜਿਹਾ ਕੁਲ ਆਪਣੇ ਦੇਸ਼ ਭਾਰਤ ਵਿਚ ਨਹੀਂ ਚਲਦਾ। ਉਸੇ ਕਿਰਤ ਤੇ ਕਾਰੋਬਾਰੀ ਸਿਸਟਮ ਵਿਚ ਹਰ ਮਿਹਨਤਕਸ਼ ਟਰਾਂਸਪੋਰਟ ਬਣ ਸਕਦਾ ਹੈ। ਅਜਿਹਾ ਅਸੀਂ ਅੱਜ ਵੱਡੀਆਂ ਟਰਾਂਸਪੋਰਟਾਂ ਦੇ ਮਾਲਕਾਂ ਨੂੰ ਵੇਖ ਕੇ ਕਹਿ ਸਕਦੇ ਹਾਂ ਜੋ ਦੁਬਈ 'ਚ ਮਜ਼ਦੂਰ ਬਣਕੇ ਆਏ ਤੇ ਫਿਰ ਡਰਾਇਵਰੀ ਤੋਂ ਟਰਾਂਸਪੋਰਟਰ ਤੱਕ ਪਹੁੰਚ ਗਏ। ਅੱਜ-ਪੰਜਾਬ ਟਰਾਂਸਪੋਰਟ, ਸਤਲੁਜ ਟਰਾਂਸਪੋਰਟ, ਦੋਆਬਾਂ ਟਰਾਂਸਪੋਰਟ, ਗਿੱਲ ਟਰਾਂਸਪੋਰਟ ਤੇ ਆਲ ਅਹਿਮਦ ਆਦਿ ਨਾਂ ਦੁਬਈ 'ਚ ਮਸ਼ਹੂਰ ਹਨ।

ਦੁਬਈ ਦੇ ਟਰਾਂਸਪੋਰਟ ਖ਼ੁਦ ਦੁਬਈ ਦੇ ਟਰਾਂਸਪੋਰਟ ਕਾਰੋਬਾਰ ਨੂੰ ਦੁਨੀਆਂ ਭਰ ਦੇ ਟਰਾਂਸਪੋਰਟ ਕਾਰੋਬਾਰ ਨਾਲੋਂ ਵਧੀਆ, ਸੁਖਾਲਾ ਤੇ ਕਮਾਊ ਮੰਨਦੇ ਹਨ। ਕਿਉਂਕਿ ਉਨ੍ਹਾਂ ਨੇ ਪੰਜਾਬ ਸਮੇਤ ਪੱਛਮੀ ਮੁਲਕਾਂ ਦਾ ਟਰਾਂਸਪੋਰਟ ਸਿਸਟਮ ਵੀ ਵੇਖਿਆ ਹੈ। ਭਾਵੇਂ ਕਈਆਂ ਨੇ ਪੱਛਮੀ ਮੁਲਕਾਂ ਵਿਚ ਜਾ ਕੇ ਟਰਾਂਸਪੋਰਟ ਬਿਜਨਸ ਚਲਾਉਣ ਦੀ ਵੀ ਸੋਚੀ ਪਰ ਆਖਿਰ ਉਹ ਮੁੜ ਦੁਬਈ ਪਰਤ ਆਏ।

ਏਮੀਰਾਤ ਦੇ ਦੁਬਈ ਸ਼ਹਿਰ ਦੇ ਨਾਲ-ਨਾਲ ਸ਼ਾਰਜਾਹ, ਆਬੂਧਾਬੀ ਅਤੇ ਅਜਮਾਨ ਤੇ ਰਸਅਲਖੇਮਾਂ ਵਿਚ ਵੀ ਪੰਜਾਬੀ ਟਰਾਂਸਪੋਰਟ ਵੱਡੀ ਗਿਣਤੀ 'ਚ ਵਸਦੇ ਹਨ। ਆਖਿਰ ਪੰਜਾਬੀ ਦੁਬਈ ਦੇ ਟਰਾਂਸਪੋਰਟ ਬਿਜਨਸ ਵਿਚ ਇੰਨਾ ਪੈਸਾ ਕਿਉਂ ਲਾਉਂਦੇ ਹਨ ਇਸਦੇ ਪਿੱਛੇ ਵੀ ਕਈ ਕਾਰਨ ਹੈ ਦੁਬਈ ਗਏ ਪਹਿਲੇ ਦੌਰ ਦੇ ਪ੍ਰਵਾਸੀ ਪੰਜਾਬੀ ਮਿਹਨਤ ਕਰਕੇ ਟਰੱਕ ਜਾਂ ਟਰਾਲੇ ਵਗੈਰਾ ਪਾਉਂਦੇ ਸਨ ਪਰ ਅੱਜਕੱਲ੍ਹ ਸਰਦੇ-ਪੁਜਦੇ ਘਰਾਂ ਦੇ ਮੁੰਡੇ 2-4 ਸਾਲ ਡਰਾਈਵਰੀ ਕਰਕੇ ਜ਼ਮੀਨ ਵੇਚ ਕੇ ਟਰੱਕ ਪਾਉਂਦੇ ਹਨ, ਸਭ ਤੋਂ ਵੱਡਾ ਕਾਰਨ ਹੈ।

ਇਥੇ ਪੁਰਾਣੀਆਂ ਗੱਡੀਆਂ ਉਹ ਵੀ ਬੈਂਕ ਵੱਲੋਂ ਫਾਈਨਾਂਸ ਦੀ ਸਹੂਲਤ ਨਾਲ ਮਿਲ ਜਾਂਦੀਆਂ ਹਨ ਤੇ ਕੰਮ ਦੀ ਬਹੁਤਾਤ ਹੋਣ ਕਰਕੇ ਉਹ ਸਾਲ ਦੋ ਸਾਲ 'ਚ ਗੱਡੀ ਫਰੀ ਕਰ ਲੈਂਦੇ ਹਨ। ਦੂਜਾ ਇਥੇ ਕਾਰੋਬਾਰ ਸਾਫ ਸੁਥਰਾ ਹੈ। ਉਸਾਰੀ ਦੇ ਵਿੱਢੇ ਹੋਏ ਪ੍ਰੋਜੇਕਟਾਂ ਨੂੰ ਵੇਖ ਕੇ ਲੱਗਦਾ ਹੈ ਇਥੇ ਅਜੇ 10-12 ਸਾਲ ਕੰਮ ਦਾ ਕੋਈ ਘਾਟਾ ਨਹੀਂ। ਅਤੇ ਕਿਸੇ ਵੀ ਕੰਮ ਵਿਚ ਜੇਕਰ 10 ਸਾਲ ਤੋਂ ਉੱਪਰ ਦੀ ਗਰੰਟੀ ਤੁਹਾਨੂੰ ਨਜ਼ਰਾ ਆਉਂਦੀ ਹੋਏ ਤਾਂ ਉਹ ਕਿਵੇਂ ਨਾ ਇਸ ਧੰਦੇ ਵੱਲ ਖਿੱਚੇ ਜਾਣ। ਉਹ ਵੀ ਪੰਜਾਬੀ! ਸੋ ਇਸ ਤਰ੍ਹਾਂ ਦੁਬਈ 'ਚ ਪੰਜਾਬੀਆਂ ਦਾ ਟਰਾਂਸਪੋਰਟ ਕਾਰੋਬਾਰ ਇਕ ਪ੍ਰਫੁਲਤ ਕਾਰੋਬਾਰ ਹੈ। ਟਰਾਂਸਪੋਰਟ ਦੇ ਪ੍ਰਮੁੱਖ ਧੰਦੇ ਦੇ ਨਾਲ-ਨਾਲ ਉਸ ਨਾਲ ਜੁੜਵੇ ਸਹਾਇਕ ਧੰਦੇ ਵੀ ਪੰਜਾਬੀਆਂ ਕੋਲ ਹੀ ਹਨ। ਕੁਲ ਮਿਲਾ ਕੇ ਦੁਬਈ 'ਚ ਪੰਜਾਬੀਆਂ ਦਾ ਟਰਾਂਸਪੋਰਟ ਕਾਰੋਬਾਰ ਬਾਕੀ ਦੁਨੀਆਂ ਦੇ ਪੰਜਾਬੀਆਂ ਲਈ ਪ੍ਰੇਰਨਾ ਵੀ ਹੈ ਤੇ ਮਾਣ ਵੀ ਹੈ।

---

ਜਨੂੰਨ

# ਲੇਖ ਜਾਣਗੇ ਨਾਲੇ...

ਭਵਨਦੀਪ ਸਿੰਘ ਪੁਰਬਾ

ਸੁੱਖ-ਦੁੱਖ ਹਮੇਸ਼ਾ ਜ਼ਿੰਦਗੀ ਦੇ ਨਾਲ ਹੀ ਚਲਦੇ ਰਹਿੰਦੇ ਹਨ। ਬਹੁਤੇ ਪੰਜਾਬੀਆਂ ਦੇ ਮਨ ਵਿਚ ਇਹ ਹੀ ਗੱਲ ਵਸੀ ਹੋਈ ਹੈ ਕਿ ਵਿਦੇਸ਼ ਜਾਣ ਨਾਲ ਸਾਰੇ ਮਸਲੇ ਹੱਲ ਹੋ ਜਾਂਦੇ ਹਨ, ਦੁੱਖ ਦੂਰ ਹੋ ਜਾਂਦੇ ਹਨ, ਹਰ ਪਾਸੇ ਖੁਸ਼ੀਆਂ ਮਿਲ ਜਾਂਦੀਆਂ ਹਨ। ਵਿਦੇਸ਼ਾਂ ਵਿਚ ਜਾਣ ਦੇ ਚਾਹਵਾਨ ਤਾਂ ਪੰਜਾਬੀ ਮੁੱਢ ਤੋਂ ਹੀ ਹਨ, ਪਰ ਬਾਹਰ ਜਾਣ ਦਾ ਜੋ ਜਨੂੰਨ ਪਿਛਲੇ ਕੁਝ ਸਾਲਾਂ ਤੋਂ ਪੰਜਾਬੀਆਂ ਦੇ ਮਨਾਂ ਵਿਚ ਪੈਦਾ ਹੋ ਗਿਆ ਹੈ ਉਹ ਤਾਂ ਪਾਗਲਪਣ ਦੀ ਹੱਦ ਤੱਕ ਪਹੁੰਚਣਾ ਹੀ ਕਹਿ ਸਕਦੇ ਹਾਂ। ਬਹੁਤ ਸਾਰੇ ਪੰਜਾਬੀ ਆਪਣੀਆਂ ਜ਼ਮੀਨਾਂ ਜਾਇਦਾਦਾਂ ਵੇਚ ਕੇ, ਆਪਣੇ ਵਧੀਆ ਬਿਜ਼ਨਸ ਛੱਡ ਕੇ ਗਲਤ-ਤੋਂ-ਗਲਤ ਢੰਗਾਂ ਨਾਲ ਬਾਹਰ ਤਾਂ ਤੁਰੇ ਜਾਂਦੇ ਹਨ ਪਰ ਉਨ੍ਹਾਂ ਨਾਲ ਜੋ ਬੀਤਦੀ ਹੈ ਇਹ ਤਾਂ ਉਹ ਹੀ ਜਾਣਦੇ ਹਨ। ਬਹੁਤ ਸਾਰੇ ਪੰਜਾਬੀ ਬਾਹਰ ਜਾਣ ਸਮੇਂ 'ਮਾਲਟਾ ਕਾਂਡ' ਵਰਗੇ ਕਈ ਨਿੱਕੇ-ਮੋਟੇ ਕਾਂਡਾਂ ਦੁਆਰਾ ਆਪਣੀਆਂ ਜਾਨਾਂ ਗੁਆ ਚੁੱਕੇ ਹਨ ਪਰ ਫਿਰ ਵੀ ਪੰਜਾਬੀ ਵਹੀਰਾਂ ਘੱਤ ਕੇ ਜਾਇਜ਼-ਨਾਜਾਇਜ਼ ਢੰਗਾਂ ਰਾਹੀਂ ਬਾਹਰ ਤੁਰੇ ਹੀ ਜਾ ਰਹੇ ਹਨ। ਬਾਹਰ ਪਹੁੰਚਿਆ ਹਰ ਪੰਜਾਬੀ ਵੀ ਖੁਸ਼ ਨਹੀਂ ਹੁੰਦਾ। ਮੁਸ਼ਕਲਾਂ ਮੁਸੀਬਤਾਂ ਦਾ ਸਾਹਮਣਾ ਉਥੇ ਹੀ ਕਰਨਾ ਪੈਂਦਾ ਹੈ। ਵਿਦੇਸ਼ਾਂ ਵਿਚ ਰਹਿੰਦੇ ਪੰਜਾਬੀਆਂ 'ਤੇ ਕੀ-ਕੀ ਬੀਤਦੀ ਹੈ, ਇਹ ਉਹ ਬਿਆਨ ਕਰਕੇ ਕਿਸੇ ਨੂੰ ਦੱਸ ਨਹੀਂ ਸਕਦੇ।

ਪਿਛਲੇ ਕੁਝ ਸਮੇਂ ਵਿਚ ਫਿਲਪੀਨ ਵਿਚ ਹੋ ਰਹੇ ਪੰਜਾਬੀਆਂ ਦੇ ਕਤਲਾਂ ਦੀਆਂ ਖ਼ਬਰਾਂ ਆਮ ਹੀ ਅਖ਼ਬਾਰਾਂ ਵਿਚ ਛਪਦੀਆਂ ਰਹੀਆਂ ਹਨ। ਉਥੇ ਉਨ੍ਹਾਂ ਦੀ ਜਾਨ ਸਹਿ-ਸਹਿ ਕਰਦੀ ਸੀ ਤੇ ਇੰਡੀਆ ਵਿਚ ਬੈਠੇ ਉਨ੍ਹਾਂ ਦੇ ਪਰਿਵਾਰਾਂ ਦੀਆਂ ਸੁਖ-ਚੈਨ ਤੇ ਨੀਂਦਰਾਂ ਉੱਡ ਗਈਆਂ ਸਨ। ਪਹਿਲਾਂ ਤਾਂ ਪੰਜਾਬੀ ਸਿਰਫ ਕੈਨੇਡਾ-ਅਮਰੀਕਾ ਵਰਗੇ ਦੇਸ਼ਾਂ ਵਿਚ ਜਾਂਣ ਲਈ ਹੀ ਤਰਲੋਮੱਛੀ ਹੁੰਦੇ ਸਨ ਪਰ ਹੁਣ ਤਾਂ ਬੰਗਲਾਦੇਸ਼ ਅਤੇ ਪਾਕਿਸਤਾਨ ਨੂੰ ਛੱਡ ਕੇ ਹਰੇਕ ਦੇਸ਼ ਵੱਲ ਹੀ ਪੰਜਾਬੀ ਤੁਰੇ ਜਾ ਰਹੇ ਹਨ। ਬਾਹਰ ਜਾਣ ਦੇ ਚਾਹਵਾਨ ਪੰਜਾਬੀਆਂ ਦਾ ਏਜੰਟ ਵੀ ਰੱਜ ਕੇ ਸ਼ੋਸ਼ਣ ਕਰਦੇ ਹਨ। ਏਜੰਟਾਂ ਦੇ ਦਿਖਾਏ ਸਬਜ਼ਬਾਗ ਕਾਰਨ ਬਹੁਤੇ ਪੰਜਾਬੀ ਨੌਜਵਾਨ ਆਪਣੇ ਟਿਕਾਣੇ 'ਤੇ ਪਹੁੰਚਣ ਦੀ ਬਜਾਏ ਰਸਤਿਆਂ ਵਿਚ ਹੀ ਰਹਿ ਜਾਂਦੇ ਹਨ। ਬਹੁਤ ਸਾਰੇ ਵਿਦੇਸ਼ੀ ਜੇਲ੍ਹਾਂ ਵਿਚ ਹੀ ਸੜਦੇ ਰਹਿੰਦੇ ਹਨ। ਬਹੁਤੇ ਮੁੰਡੇ-ਕੁੜੀਆਂ ਵਾਪਸ ਮੁੜਨਾ ਚਾਹੁੰਦੇ ਹਨ ਪਰ ਉਨ੍ਹਾਂ ਕੋਲ ਵਾਪਸ ਜਾਣ ਜੋਗੇ ਪੈਸੇ ਵੀ ਨਹੀਂ ਹੁੰਦੇ।

ਕੈਨੇਡਾ-ਅਮਰੀਕਾ ਵਿਚ ਲਿਜਾਣ ਲਈ ਨਕਲੀ ਵਿਆਹ ਕਰਵਾਉਣ ਵਾਲੀਆਂ ਔਰਤਾਂ ਮਿਲ ਜਾਂਦੀਆਂ ਹਨ ਜਿਹੜੀਆਂ ਵਿਆਹ ਦੇ ਨਾਮ 'ਤੇ ਮੋਟੀਆਂ ਰਕਮਾਂ ਲੈਂਦੀਆਂ ਹਨ। ਉਹ ਪੰਜਾਬੀਆਂ ਨੂੰ ਬਾਹਰ ਲੈ ਵੀ ਜਾਂਦੀਆਂ ਹਨ ਪਰ ਉਥੇ ਜਾ ਕੇ ਤਲਾਕ ਨਹੀਂ ਦਿੰਦੀਆਂ ਸਗੋਂ ਉਨ੍ਹਾਂ ਤੋਂ ਨੌਕਰਾਂ ਵਾਂਗ ਕੰਮ ਕਰਵਾਉਂਦੀਆਂ ਹਨ।

ਅਰਬ ਦੇਸ਼ਾਂ ਵਿਚ ਗਏ ਕਈ ਪੰਜਾਬੀਆਂ ਦਾ ਤਾਂ ਅਸਲੋਂ ਹੀ ਮੰਦਾ ਹਾਲ ਹੈ। ਜ਼ਮੀਨਾਂ-ਜਾਇਦਾਦਾਂ ਵੇਚ ਕੇ ਡੁਬਈ, ਮਲੇਸ਼ੀਆ ਵਰਗੇ ਦੇਸ਼ਾਂ ਵਿਚ ਗਏ ਪੰਜਾਬੀਆਂ ਨੂੰ ਉਥੇ ਨੌਕਰੀਆਂ ਨਹੀਂ ਮਿਲਦੀਆਂ। ਉਹ ਬਹੁਤ ਥੋੜ੍ਹੇ ਪੈਸਿਆਂ ਤੇ ਮਾੜੇ-ਮੋਟੇ ਕੰਮਾਂ 'ਤੇ ਲੱਗਣ ਲਈ ਮਜਬੂਰ ਹੋ ਜਾਂਦੇ ਹਨ। ਜਿਹੜੇ ਕਿਰਾਏ ਦੇ ਮਕਾਨਾਂ ਵਿਚ ਉਹ ਰਹਿੰਦੇ ਹਨ ਉਨ੍ਹਾਂ ਦਾ ਕਿਰਾਇਆ ਹਜ਼ਾਰਾਂ ਵਿਚ ਹੈ। ਰਸੋਈ ਜਿੱਡੇ ਕਮਰੇ ਨੂੰ ਕਈ-ਕਈ ਹਜ਼ਾਰ ਰੁਪਏ ਵਿਚ ਚੜ੍ਹਾਇਆ ਹੁੰਦਾ ਹੈ। ਪੰਜਾਬੀ ਮੁੰਡੇ ਕਈ-ਕਈ ਜਣੇ ਇਕੱਠੇ ਹੋ ਕੇ ਸਾਂਝਾ ਕਮਰਾ ਲੈਂਦੇ ਹਨ। ਉਸ ਵਿਚ ਹੇਠਾਂ ਉਤੇ ਬੈੱਡ ਲਗਾ ਕੇ ਸੌਂਦੇ ਹਨ। ਮਾਂ ਦੀ ਮਮਤਾ ਤੇ ਭੈਣਾਂ-ਭਰਾਵਾਂ ਦੇ ਪਿਆਰ ਤੋਂ ਦੂਰ ਹੋ ਕੇ ਵੀ ਉਹ ਮਸਾਂ 5-6 ਹਜ਼ਾਰ ਦੀ ਨੌਕਰੀ 'ਤੇ ਲੱਗੇ ਹਨ। ਜਿੰਨੀ ਮਿਹਨਤ ਮੁਸ਼ੱਕਤ ਉਨ੍ਹਾਂ ਨੂੰ ਬਾਹਰ ਆਪਣਾ ਗੁਜ਼ਾਰਾ ਕਰਨ ਲਈ ਕਰਨੀ ਪੈਂਦੀ ਹੈ ਓਨੀ ਮਿਹਨਤ ਕਰਨ ਨਾਲ ਤਾਂ ਭਾਰਤ ਵਿਚ ਪੂਰੀ ਐਸ਼ੋ-ਆਰਾਮ ਨਾਲ ਰਹਿ ਸਕਦੇ ਹਨ।

> **ਕੈਨੇਡਾ ਵਿਚ ਕਾਨੂੰਨੀ ਰੁਕਾਵਟਾਂ ਅਤੇ ਘੱਟ ਗਿਣਤੀਆਂ ਨਾਲ ਹੁੰਦੇ ਵਿਤਕਰੇ ਕਾਰਨ ਪਰਵਾਸੀ ਪੰਜਾਬੀਆਂ ਨੂੰ ਸਿਵਾਏ ਮਜ਼ਦੂਰੀ ਤੋਂ ਹੋਰ ਕੰਮ ਨਹੀਂ ਮਿਲਦਾ। ਉੱਚ-ਵਿਦਿਆ ਪ੍ਰਾਪਤ ਅਣਗਿਣਤ ਪੰਜਾਬੀ ਪਰਵਾਸੀ ਚੰਗੀਆਂ ਨੌਕਰੀਆਂ ਨਾ ਮਿਲਣ ਕਾਰਨ ਸੁਰੱਖਿਆ ਗਾਰਡ ਦਾ ਕੰਮ ਕਰਦੇ ਹਨ ਜਾਂ ਟੈਕਸੀਆਂ ਵਗੈਰਾ ਚਲਾਉਂਦੇ ਹਨ।**

ਕੈਨੇਡਾ ਵਿਚ ਕਾਨੂੰਨੀ ਰੁਕਾਵਟਾਂ ਅਤੇ ਘੱਟ ਗਿਣਤੀਆਂ ਨਾਲ ਹੁੰਦੇ ਵਿਤਕਰੇ ਕਾਰਨ ਪਰਵਾਸੀ ਪੰਜਾਬੀਆਂ ਨੂੰ ਸਿਵਾਏ ਮਜ਼ਦੂਰੀ ਤੋਂ ਹੋਰ ਕੰਮ ਨਹੀਂ ਮਿਲਦਾ। ਉੱਚ-ਵਿਦਿਆ ਪ੍ਰਾਪਤ ਅਣਗਿਣਤ ਪੰਜਾਬੀ ਪਰਵਾਸੀ ਚੰਗੀਆਂ ਨੌਕਰੀਆਂ ਨਾ ਮਿਲਣ ਕਾਰਨ ਸੁਰੱਖਿਆ ਗਾਰਡ ਦਾ ਕੰਮ ਕਰਦੇ ਹਨ ਜਾਂ ਟੈਕਸੀਆਂ ਵਗੈਰਾ ਚਲਾਉਂਦੇ ਹਨ।

ਟੋਰਾਂਟੋ ਯੂਨੀਵਰਸਿਟੀ ਦੀ ਉੱਚ-ਵਿਦਿਆ ਪ੍ਰਾਪਤ ਕਰ ਰਹੀ ਇਕ ਲੜਕੀ ਨੇ ਇਕ ਖੋਜ ਪੱਤਰ ਤਿਆਰ ਕਰਕੇ ਕੈਨੇਡਾ ਸਰਕਾਰ ਨੂੰ ਦਿੱਤਾ ਹੈ ਜਿਸ ਵਿਚ ਹੋ ਰਹੇ ਨਸਲੀ ਵਿਤਕਰੇ ਬਾਰੇ ਤੱਥ ਪੇਸ਼ ਕੀਤੇ ਗਏ ਹਨ। ਇਥੇ ਅਜਿਹਾ ਸਰਕਾਰੀ ਨੌਕਰੀਆਂ 'ਚ ਹੀ ਨਹੀਂ ਬਲਕਿ ਫੈਕਟਰੀਆਂ 'ਚ ਮਜ਼ਦੂਰੀ ਲੈਣ ਸਮੇਂ ਵੀ ਹੁੰਦਾ ਹੈ ਤੇ ਡਰਦੇ ਮਾਰੇ ਪਰਵਾਸੀ ਫੈਕਟਰੀਆਂ 'ਚ ਕੰਮ ਲੈਣ ਸਮੇਂ ਆਪਣੀ ਉੱਚ ਵਿਦਿਆ ਦਾ ਜ਼ਿਕਰ ਹੀ ਨਹੀਂ ਕਰਦੇ ਕਿਉਂਕਿ ਜੇ ਪ੍ਰੋਫੈਸ਼ਨਲ ਦੱਸ ਦਿੱਤਾ ਤਾਂ ਫੈਕਟਰੀਆਂ 'ਚ ਮਜ਼ਦੂਰੀ ਵੀ ਨਹੀਂ ਮਿਲਣੀ।

ਵਿਦੇਸ਼ਾਂ ਵਿਚ ਗਏ ਨੌਜਵਾਨ ਹੀ ਨਹੀਂ ਰੁਲ ਰਹੇ ਬਲਕਿ ਬਹੁਤ ਸਾਰੇ ਬਜ਼ੁਰਗ ਵੀ ਰੋ-ਰੋ ਦਿਨ ਕਟੀ ਕਰ ਰਹੇ ਹਨ। ਇੱਥੋਂ ਚਾਅ ਵਿਚ ਬਾਹਰ ਗਏ ਬਜ਼ੁਰਗਾਂ ਦੀ ਉਥੇ ਕੋਈ ਬਾਤ ਨਹੀਂ ਪੁੱਛਦਾ। ਬਜ਼ੁਰਗਾਂ ਨੂੰ ਇਸ ਗੱਲ ਦਾ ਗਿਲ੍ਹਾ ਹੈ ਕਿ ਉਨ੍ਹਾਂ ਦੇ ਧੀਆਂ-ਪੁੱਤਰ ਉਨ੍ਹਾਂ ਅਨੁਸਾਰ ਨਹੀਂ ਚਲਦੇ। ਵਿਦੇਸ਼ੀ ਰੰਗਤ ਵਿਚ ਰੰਗੇ ਗਏ ਹਨ। ਵਿਦੇਸ਼ਾਂ ਵਿਚ ਆ ਕੇ ਵੀ ਉਹ ਆਪਣੇ ਧੀਆਂ-ਪੁੱਤਰਾਂ ਨੂੰ ਭਾਰਤੀ ਰਵੱਈਏ ਅਨੁਸਾਰ ਚਲਾਉਣਾ ਚਾਹੁੰਦੇ ਹਨ। ਬਹੁਤ ਸਾਰੇ ਬਜ਼ੁਰਗਾਂ ਨੂੰ ਤਾਂ ਉਥੇ ਦੀ ਬੋਲੀ ਸਮਝ ਨਹੀਂ ਆਉਂਦੀ ਜਿਸ ਕਾਰਨ ਉਹ ਘਰ ਦੇ ਅੰਦਰ ਬੰਦ ਹੋ ਕੇ ਰਹਿ ਜਾਂਦੇ ਹਨ। ਆਪਣੇ ਦੁੱਖ-ਸੁੱਖ ਵੀ ਉਹ ਕਿਸੇ ਨਾਲ ਸਾਂਝੇ ਨਹੀਂ ਕਰ ਸਕਦੇ। ਵਿਦੇਸ਼ੀ ਗੁਲਾਮੀ ਵਿਚ ਫੇਰ ਉਨ੍ਹਾਂ ਨੂੰ ਭਾਰਤ ਦੇ ਖੁੱਲ੍ਹੇ-ਡੁੱਲ੍ਹੇ ਮਾਹੌਲ ਦੀ ਯਾਦ ਆਉਂਦੀ ਹੈ।

ਪੰਜਾਬੀਆਂ ਦੇ ਧੜਾ-ਧੜ ਵਹੀਰਾਂ ਘੱਤ ਕੇ ਵਿਦੇਸ਼ਾਂ ਨੂੰ ਤੁਰੇ ਜਾਣ ਕਾਰਨ ਪੰਜਾਬੀਆਂ ਦੇ ਵਿਦੇਸ਼ ਜਾਣ ਦੇ ਸਾਰੇ ਹੀ ਤਰ੍ਹਾਂ ਦੇ ਕੇਸਾਂ ਵਿਚ ਸਖਤੀ ਹੋ ਗਈ ਹੈ ਤੇ ਵਿਦੇਸ਼ਾਂ ਵਿਚ ਵੀ ਬੇਰੁਜ਼ਗਾਰੀ ਦਾ ਮਸਲਾ ਖੜ੍ਹਾ ਹੋ ਗਿਆ ਹੈ। ਪੰਜਾਬੀਆਂ ਨੂੰ ਇਸ ਮਸਲੇ ਵਿਚ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ। ਜੇਕਰ ਵਿਦੇਸ਼ਾਂ ਵਿਚ ਜਾ ਕੇ ਵੀ ਤਸੀਹੇ ਝੱਲਣੇ ਹਨ, ਖੱਜਲ-ਖੁਆਰ ਹੋਣਾ ਹੈ, ਹੱਡ ਭੰਨਵੀ ਮਿਹਨਤ ਕਰਨੀ ਹੈ ਤਾਂ ਕਿਉਂ ਨਾ ਆਪਣੇ ਵਤਨ ਵਿਚ ਰਹਿ ਕੇ ਹੀ ਹੱਡ-ਭੰਨਵੀਂ ਮਿਹਨਤ ਕਰ ਲਈ ਜਾਵੇ। ਇਸ ਨਾਲ ਮਾਂ ਦੀ ਮਮਤਾ ਤੇ ਭੈਣ-ਭਰਾਵਾਂ ਦੇ ਪਿਆਰ ਤੋਂ ਵਾਂਝਾ ਤਾਂ ਨਾ ਹੋਣਾ ਪਵੇ।

Scanned with CamScanner



# ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸ਼ਹੀਦੀ ਪੁਰਬ ਤੇ ਉਨ੍ਹਾਂ ਦੇ ਚਰਨਾ ਵਿੱਚ ਕੋਟਿ-ਕੋਟਿ ਪ੍ਰਣਾਮ ਕਰਦੇ ਹਾਂ!


ਭਵਨਦੀਪ ਸਿੰਘ ਪੁਰਬਾ


ਸ. ਗੁਰਮੇਲ ਸਿੰਘ ਪੁਰਬਾ


ਬਾਬਾ ਜਸਵੀਰ ਸਿੰਘ ਲੋਹਾਰਾ


ਸ. ਬਲਦੇਵ ਸਿੰਘ ਆਜਾਦ


ਗੁਰਸੇਵਕ ਸਿੰਘ ਕੈਨੇਡਾ


ਪ੍ਰਧਾਨ ਚਮਕੌਰ ਸਿੰਘ ਸੰਘਾ


ਦਵਿੰਦਰ ਸਿੰਘ ਪੱਪੂ ਬੁੱਟਰ


ਕਮਲਜੀਤ ਸਿੰਘ ਪੁਰਬਾ


ਬਲਸ਼ਰਨ ਸਿੰਘ ਪੁਰਬਾ


ਅਮਰੀਕ ਸਿੰਘ ਰਿੰਕੂ


ਮਨਦੀਪ ਸਿੰਘ ਗਿੱਲ


ਕੁਲਵਿੰਦਰ ਸਿੰਘ ਗਿੱਲ ਤਾਰੇਵਾਲਾ


ਮਨਮੋਹਨ ਸਿੰਘ ਚੀਮਾ


ਅਰਵਿੰਦਰ ਸਿੰਘ ਕਾਨਪੁਰੀਆ


ਬਖਤੌਰ ਸਿੰਘ ਗਿੱਲ

## CLASSIFIED ADVT. / ਕਲਾਸੀਫਾਈਡ ਇਸ਼ਤਿਹਾਰ

# ਪਲਾਟ ਵਿਕਾਊ

ਅੰਮ੍ਰਿਤਸਰ ਰੋਡ (ਸੰਧੂ ਹਸਪਤਾਲ) ਤੋਂ ਕਰੀਬ 1 ਕਿਲੋਮੀਟਰ ਦੀ ਦੂਰੀ ਤੇ ਮੋਗਾ ਵਿਖੇ ਡਿਫੈਂਸ ਰੋਡ ਤੇ ਸਥਿਤ ਸਾਢੇ 7 ਮਰਲੇ (21x80) ਦਾ ਪਲਾਟ ਸਸਤੇ ਰੇਟ ਵਿੱਚ ਵਿਕਾਊ ਹੈ।

ਪਲਾਟ ਖਰੀਦਣ ਦੇ ਚਾਹਵਾਨ ਸੱਜਣ ਜਲਦੀ ਸੰਪਰਕ ਕਰੋ

**ਸੰਪਰਕ ਕਰੋ: 98141-21463**

**ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ: 9988-92-9988**

# ਤਸਵੀਰਾਂ ਬੋਲਦੀਆਂ


ਪੁਸਤਕ 'ਬੇਰੰਗੇ ਦੇ ਰੰਗ' ਦੀਆਂ ਪਹਿਲੀਆਂ ਕਾਪੀਆਂ ਲੇਖਕ ਮਾਸਟਰ ਆਤਮਾ ਸਿੰਘ ਚੜਿੱਕ ਨੂੰ ਸੌਂਪਦੇ ਹੋਏ 'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ, ਉਨ੍ਹਾਂ ਦੇ ਨਾਲ ਸਾਹਿਤਕਾਰ ਬਲਦੇਵ ਸਿੰਘ ਆਜਾਦ ਅਤੇ ਕਮਲਜੀਤ ਸਿੰਘ ਬੁੱਘੀਪੁਰਾ।


ਸੰਤ ਬਾਬਾ ਨੰਦ ਸਿੰਘ ਜੀ ਮਹਾਰਾਜ ਲੋਹਾਰੇ ਵਾਲਿਆਂ ਦੀ ਬਰਸ਼ੀ ਮੌਕੇ ਕਰਵਾਏ ਗਏ ਦਸਤਾਰ ਮੁਕਾਬਲਿਆਂ ਦੀ ਯਾਦਗਾਰੀ ਫੋਟੋ ਵਿੱਚ ਭਾਗ ਲੈਣ ਵਾਲੇ ਨੌ-ਜਵਾਨ, ਪ੍ਰਬੰਧਕ ਅਤੇ ਸੇਵਾਦਾਰ। ਫੋਟੋ ਤੇ ਵੇਰਵਾ: ਕਮਲਜੀਤ ਸਿੰਘ ਪੁਰਬਾ



ਸੰਤ ਬਾਬਾ ਨੰਦ ਸਿੰਘ ਜੀ ਮਹਾਰਾਜ ਲੋਹਾਰੇ ਵਾਲਿਆਂ ਦੀ ਬਰਸ਼ੀ ਮੌਕੇ ਲਗਾਏ ਗਏ ਖੂਨਦਾਨ ਕੈਂਪ ਮੌਕੇ ਖੂਨਦਾਨੀ ਪ੍ਰਬੰਧਕ ਅਤੇ ਸੇਵਾਦਾਰ। ਫੋਟੋ ਤੇ ਵੇਰਵਾ: ਕਮਲਜੀਤ


ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡੇਸ਼ਨ ਬ੍ਰਾਂਚ ਮੋਗਾ ਵੱਲੋਂ 'ਮਾਨਵ ਏਕਤਾ ਦਿਵਸ ਮੌਕੇ' ਲਗਾਏ ਗਏ ਖੂਨਦਾਨ ਕੈਂਪ ਮੌਕੇ ਜੋਨਲ ਇੰਚਾਰਜ ਸ਼੍ਰੀ ਵੀਰ ਚੰਦ ਲੂਥਰਾ, ਮੋਗਾ ਦੇ ਮੇਅਰ ਨਿਤਿਕਾ ਭੱਲਾ, 'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ, ਸਰਬੱਤ ਦਾ ਭਲਾ ਟਰੱਸਟ ਮੋਗਾ ਜਿਲ੍ਹਾ ਦੇ ਪ੍ਰਧਾਨ ਮਹਿੰਦਰਪਾਲ ਲੂੰਬਾ, ਰੂਰਲ ਐਨ.ਜੀ.ਓ. ਦੇ ਸਿਟੀ ਪ੍ਰਧਾਨ ਸੁਖਦੇਵ ਸਿੰਘ ਬਰਾੜ ਆਦਿ।



ਮੋਗਾ ਜਿਲ੍ਹੇ ਦੇ ਪਿੰਡ ਦੋਲਤਪੁਰਾ ਨੀਵਾਂ ਵਿਖੇ ਆਮ ਆਦਮੀ ਕਲੀਨਿਕ ਦਾ ਉਦਘਾਟਨ ਕਰਨ ਮੌਕੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਆਪਣੇ ਵਲੰਟੀਅਰਜ ਨਾਲ।

Scanned with CamScanner

# ਮਾ. ਆਤਮਾ ਸਿੰਘ ਚੜਿੱਕ ਦੇ ਕਾਵਿ-ਸੰਗ੍ਰਿਹ 'ਬੇਰੰਗੇ ਦੇ ਰੰਗ' ਦੇ ਲੋਕ ਅਰਪਣ ਸਮਾਗਮ ਮੌਕੇ ਹੋਇਆਂ ਖਾਸ ਕਵੀ ਦਰਬਾਰ



ਮੋਗਾ/ ਭਾਗਵੰਤੀ

'ਮਹਿਕ ਵਤਨ ਦੀ ਲਾਈਵ' ਬਿਓਰੋ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਮਾਸਟਰ ਆਤਮਾ ਸਿੰਘ ਚੜਿੱਕ ਦੀ ਦੂਸਰੀ ਪੁਸਤਕ ਕਾਵਿ ਸੰਗ੍ਰਹਿ 'ਬੇਰੰਗੇ ਦੇ ਰੰਗ' ਦੇ ਲੋਕ ਅਰਪਣ ਸਮਾਗਮ ਮੌਕੇ ਰੇਲਵੇ ਪਾਰਕ ਮਿੱਤਰ ਸਭਾ ਮੋਗਾ ਵੱਲੋਂ ਵਿਸ਼ੇਸ਼ ਕਵੀ ਦਰਬਾਰ ਆਯੋਜਿਤ ਕੀਤਾ ਗਿਆ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਪ੍ਰੋ. ਸੁਰਜੀਤ ਸਿੰਘ ਕਾਉਂਕੇ, ਬਿੱਕਰ ਸਿੰਘ ਮਾਣਕ, ਰਾਜੇਸ਼ ਕੁਮਾਰ ਲੱਕੀ, ਲਾਲੀ ਸ਼ਰਮਾ ਅਤੇ ਲੇਖਕ ਮਾ. ਆਤਮਾ ਸਿੰਘ ਚੜਿੱਕ ਬਿਰਾਜਮਾਨ ਹੋਏ। ਸਟੇਜ ਦੀ ਸੇਵਾ ਨਵਦੀਪ ਸ਼ਰਮਾ ਨੇ ਬਾਖੂਬੀ ਨਿਭਾਈ।

ਸੰਗੀਤਕ ਮਹਿਫਲ ਦੀ ਸ਼ੁਰੂਆਤ ਹਰਪ੍ਰੀਤ ਮੋਨੂੰ ਨੇ 'ਇੱਕੋ ਹੀ ਰਾਤ ਵਿਚ ਉਹ ਕਿੰਨਾ ਹੁਸੀਨ ਹੋਇਆ' ਕਲਾਮ ਪੇਸ਼ ਕਰਕੇ ਕੀਤੀ। ਪ੍ਰੋ. ਸੁਰਜੀਤ ਸਿੰਘ ਕਾਉਂਕੇ ਨੇ ਇਸ ਕਾਵਿ ਪੁਸਤਕ ਸਬੰਧੀ ਗ਼ਜ਼ਲ 'ਬੇਰੰਗੇ ਦੇ ਰੰਗ ਕਿਤਾਬ ਆਈ ਹੈ' ਪੜ੍ਹੀ ਅਤੇ ਰੇਲਵੇ ਪਾਰਕ ਮਿੱਤਰ ਸਭਾ ਮੋਗਾ ਦੇ ਪ੍ਰਧਾਨ ਲਾਲੀ ਸ਼ਰਮਾ ਨੇ ਲੇਖਕ ਮਾ. ਆਤਮਾ ਸਿੰਘ ਚੜਿੱਕ ਦੇ ਜੀਵਨ ਅਤੇ ਵਿਲੱਖਣ ਗੁਣਾ ਬਾਰੇ ਝਾਤ ਪਾਈ। ਰਾਜੇਸ਼ ਕੁਮਾਰ ਲੱਕੀ ਨੇ ਮਾ. ਆਤਮਾ ਸਿੰਘ ਨੂੰ ਮੁੜ੍ਹਕੇ ਦੇ ਮੋਤੀ ਕਿਹਾ ਅਤੇ ਇਸ ਪੁਸਤਕ ਦੇ ਪ੍ਰਕਾਸ਼ਿਤ ਭਵਨਦੀਪ ਸਿੰਘ ਪੁਰਬਾ ਨੇ ਲੇਖਕ ਨੂੰ ਵਧਾਈ ਦਿੱਤੀ ਅਤੇ ਇਸ ਪੁਸਤਕ ਦੀ ਪ੍ਰਕਾਸ਼ਨਾ ਵਾਸਤੇ 'ਮਹਿਕ ਵਤਨ ਦੀ ਲਾਈਵ' ਬਿਓਰੋ ਨੂੰ ਚੁਨਣ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਇਸੇ ਤਰ੍ਹਾਂ ਇਸ ਕਵੀ ਦਰਬਾਰ ਵਿੱਚ ਮਾਸਟਰ ਪ੍ਰੇਮ ਕੁਮਾਰ, ਕਰਮ ਸਿੰਘ ਕਰਮ, ਦਲਜੀਤ ਆਜ਼ਾਦ, ਬਿੱਕਰ ਸਿੰਘ ਮਾਣਕ, ਪਰਮਜੀਤ ਸਿੰਘ ਚੂਹੜਚੱਕ, ਭੁਪਿੰਦਰ ਸਿੰਘ ਜੋਗੇਵਾਲਾ, ਰਾਜਿੰਦਰ ਰਾਜਨ ਲੁਧਿਆਣਾ ਅਤੇ ਖੁਦ ਲੇਖਕ ਆਤਮਾ ਸਿੰਘ ਨੇ ਗ਼ਜ਼ਲ 'ਮਹਿੰਗੀ ਮੰਡੀ 'ਚ ਸਸਤਾ ਸਾਮਾਨ ਵਿਕਦਾ ਹੈ' ਸੁਣਾ ਕੇ ਮਾਹੌਲ ਨੂੰ ਸਾਹਿਤਕ ਰੰਗ ਵਿੱਚ ਰੰਗਿਆ।

ਇਸ ਮੌਕੇ ਉਪਰੋਕਤ ਤੋਂ ਇਲਾਵਾ ਲੇਖਕ ਦੇ ਪ੍ਰਿਵਾਰਕ ਮੈਂਬਰਾਂ ਸਮੇਤ ਪ੍ਰਸਿੱਧ ਸਾਹਿਤਕਾਰ ਬਲਦੇਵ ਸਿੰਘ ਆਜਾਦ, ਕਮਲਜੀਤ ਸਿੰਘ ਬੁੱਘੀਪੁਰਾ, ਲਵਲੀ ਬੁੱਘੀਪੁਰਾ, ਸਮ੍ਰਾ ਅਰੋੜਾ, ਰਿੰਪੀ ਸ਼ਰਮਾ ਆਦਿ ਮੁੱਖ ਤੌਰ ਹਾਜਰ ਸਨ।

## ਕਿਉਂ ਵੀਰਾਨੀ ਹੈ ?



ਮੇਰੇ ਪੰਜਾਬ ਦਾ ਦੱਸੋ ਕੋਈ ਸਾਨੀ ਹੈ,
ਨਾ ਆਬ ਆਪਣਾ ਨਾ ਰਾਜਧਾਨੀ ਹੈ।

ਖਰਚਾ ਰੁਪਿਆ ਆਮਦਨ ਅਠਾਨੀ ਹੈ,
ਘਰ ਬਰਬਾਦੀ ਦੀ ਪੱਕੀ ਨਿਸ਼ਾਨੀ ਹੈ।

ਜਿੰਦਗੀ ਦੇ ਬਾਗ਼ ਵਿੱਚ ਕਿਉਂ ਵੀਰਾਨੀ ਹੈ।,
ਪਿਆਰ ਉੱਤੇ ਨਫ਼ਰਤ ਦੀ ਨਿਗਾਹਬਾਨੀ ਹੈ।

ਪਿਆਸੇ ਮਰਨ ਦਾ ਬਣੇਗੀ ਸਬੱਬ ਇਹ,
ਪਾਣੀਆਂ ਨਾਲ ਕੀਤੀ ਛੇੜਖਾਨੀ ਹੈ।

ਲਾਲਚ ਹੀ ਰਿਹਾ ਹੈ ਅਖ਼ਲਾਕ ਦਾ ਦੁਸ਼ਮਣ,
ਇਹ ਬੰਦੇ ਦੀ ਨਾਦਾਨੀ ਨਹੀਂ ਸ਼ੈਤਾਨੀ ਹੈ।

ਜਾਪਦੀ ਹੈ ਇਹ ਚਿੱਟੇ ਦੀ ਦਾਸਤਾਂ ਕਾਲੀ,
ਵਿਲਕਦਾ ਬੁਢਾਪਾ ਰੁੜ੍ਹਦੀ ਜਵਾਨੀ ਹੈ।

ਭਰੋਸਾ ਰੱਖ 'ਆਤਮ' ਨਾਖੁਦਾ ਉੱਤੇ,
ਵੇਗ ਪੌਣ ਦਾ ਬੇਸ਼ੱਕ ਤੂਫ਼ਾਨੀ ਹੈ।

ਮਾ. ਆਤਮਾ ਸਿੰਘ ਚੜਿੱਕ
ਮੋਬਾ: 98729-51718

(ਕਹਾਣੀ)

## ਦਾਜ ਦੀ ਬਲੀ



- ਪਵਨਜੀਤ ਕੌਰ
(ਈਟੀਟੀ ਅਧਿਆਪਕਾਂ ਮੋਗਾ)
ਮੋ. 97810-29785

ਬਿਜਲੀ ਚਮਕ ਰਹੀ ਸੀ ਮੀਂਹ ਜਿੱਦਾਂ ਕੋਈ ਬੱਦਲ ਫੱਟ ਗਿਆ ਹੋਵੇ। ਤੂਫ਼ਾਨ ਝੱਖੜ ਸੀ ਬਿਜਲੀ ਚਲੀ ਗਈ ਜਸਵਿੰਦਰ ਜਿਵੇਂ ਕਾਲੇ ਬਦਲਾਂ ਵਿੱਚ ਹੀ ਖੋ ਗਈ ਲਗਦੀ ਸੀ। ਬਚਪਨ ਵਿੱਚ ਹੀ ਪਹਿਲਾਂ ਉਸ ਦੀ ਮਾਂ ਗੁਜਰ ਗਈ ਤੇ ਫਿਰ ਦੋ ਸਾਲ ਬਾਅਦ ਉਸ ਦੇ ਸਿਰ ਤੋਂ ਪਿਓ ਦਾ ਸਾਇਆ ਉੱਠ ਗਿਆ ਸੀ। ਉਸ ਦਾ ਪਾਲਣ-ਪੋਸ਼ਣ ਉਸ ਦੇ ਚਾਚਾ ਚਾਚੀ ਜੀ ਨੇ ਕੀਤਾ ਸੀ ਬੇਸ਼ਕ ਉਹ ਬਹੁਤ ਪਿਆਰ ਕਰਦੇ ਸਨ ਪਰ ਮਾਂ ਦੀ ਕਮੀ ਤਾਂ ਉਸ ਨੂੰ ਹਮੇਸ਼ਾਂ ਖੱਟਕਦੀ ਰਹਿੰਦੀ ਸੀ। ਮਾਂ ਪਿਓ ਤੋਂ ਬਿਨਾ ਸਾਰੇ ਚਾਅ ਅਧੂਰੇ ਹੀ ਰਹਿ ਜਾਂਦੇ ਨੇ ਉਹ ਸਹੇਲੀਆਂ ਵਿਚ ਵੀ ਬਹੁਤ ਘੱਟ ਬੋਲਦੀ ਸੀ ਬਚਪਨ ਵਿੱਚ ਉਸ ਨੇ ਕੋਈ ਸ਼ਰਾਰਤ ਨਹੀਂ ਕੀਤੀ ਸੀ। ਜਿਵੇਂ-ਜਿਵੇਂ ਉਹ ਵੱਡੀ ਹੁੰਦੀ ਜਾਂਦੀ ਸੀ ਚਾਚੀ ਆਪਣੇ ਨਾਲ ਉਸ ਨੂੰ ਘਰ ਦੇ ਕੰਮ ਸਿਖਾਉਂਦੀ ਰਹਿੰਦੀ ਸੀ । ਜਵਾਨੀ ਵਿਚ ਉਹ ਰੱਜ ਕੇ ਸੋਹਣੀ ਨਿਕਲੇ ਉਸ ਨੂੰ ਦੇਖ ਕੇ ਮਨ ਭਰਦਾ ਸੀ।

ਇਕ ਦਿਨ ਰਿਸ਼ਤਾ ਆਇਆ ਮੁੰਡੇ ਦਾ ਚੰਗਾ ਕਾਰੋਬਾਰ ਸੀ। ਦੋਨਾਂ ਦਾ ਰਿਸ਼ਤਾ ਪੱਕਾ ਹੋਗਿਆ। ਉਸ ਪਰੀ ਨੂੰ ਜਿਵੇਂ ਉਸ ਦੇ ਸੁਪਨਿਆਂ ਦਾ ਰਾਜਕੁਮਾਰ ਮਿਲ ਗਿਆ ਹੋਵੇ ਉਸ ਦੇ ਪੈਰ ਭੁੰਜੇ ਨਹੀਂ ਸੀ ਲੱਗ ਰਹੇ। ਦੋਨਾਂ ਦਾ ਕੁਝ ਦਿਨਾਂ ਵਿਚ ਵਿਆਹ ਦਾ ਦਿਨ ਤੈਅ ਹੋ ਗਿਆ ਹੈ ਫੇਰ ਉਸਦੇ ਸੁਪਨੇਆਂ ਦਾ ਰਾਜਕੁਮਾਰ ਉਸ ਨੂੰ ਵਿਆਹ ਕੇ ਆਪਣੇ ਘਰ ਲੈ ਗਿਆ। ਜਿਵੇਂ ਜਿਵੇਂ ਦਿਨ ਬੀਤ ਦੇ ਗਏ ਜਸਵਿੰਦਰ ਕੌਰ ਦੇ ਪਤੀ ਦੇ ਭੇਦ ਖੁੱਲ੍ਹਨੇ ਸ਼ੁਰੂ ਹੋ ਗਏ। ਉਹ ਅਤਿ ਦਾ ਸ਼ਰਾਬੀ ਸੀ ਅਤੇ ਸ਼ਰਾਬ ਦੇ ਨਸ਼ੇ ਵਿੱਚ ਧੁੱਤ ਹੋ ਕੇ ਉਸ ਨੂੰ ਘੱਟ ਦਾਜ ਲਿਆਉਣ ਲਈ ਕੁੱਟਦਾ ਮਾਰਦਾ ਰਹਿੰਦਾ ਸੀ। ਉਹ ਉਸ ਨੂੰ ਬਹੁਤ ਬੁਰੇ ਤਰੀਕੇ ਨਾਲ ਮਾਰਦਾ ਰਹਿੰਦਾ ਸੀ ਉਹ ਚੀਕਾਂ ਮਾਰਦੀ ਸੀ ਪਰ ਆਂਢੀਆਂ ਗੁਆਂਢੀਆਂ ਦੀ ਹਿੰਮਤ ਹੀ ਨਹੀਂ ਸੀ ਕਿ ਉਸ ਨੂੰ ਛੁਡਾ ਸਕਣ।

ਜਸਵਿੰਦਰ ਆਪਣੀ ਨਰਕ ਜਿਹੀ ਜ਼ਿੰਦਗੀ ਤੋਂ ਤੰਗ ਹੋ ਚੁੱਕੀ ਸੀ ਉਹ ਰੱਬ ਨੂੰ ਵੀ ਬੁਰਾ ਭਲਾ ਕਹਿੰਦੀ ਸੀ ਕਿ ਉਹ ਸਾਰੇ ਸ਼ਿਕਵੇ ਰੱਬ ਨਾਲ ਕਰਦੀ ਰਹਿੰਦੀ ਸੀ। ਉਸ ਦਾ ਦੁੱਖ ਸੁੱਖ ਸੁਣਨ ਵਾਲਾ ਵੀ ਕੋਈ ਨਹੀਂ ਸੀ। ਉਸ ਨੂੰ ਜ਼ਿੰਦਗੀ ਬੋਝ ਪ੍ਰਤੀਤ ਹੋਣ ਲੱਗੀ ਸੀ ਉਸ ਨੂੰ ਆਪਣੀ ਜ਼ਿੰਦਗੀ ਦਾ ਅੰਤ ਦਿਸ ਰਿਹਾ ਸੀ ਕਿਉਂਕਿ ਉਸ ਦਾ ਇਸ ਦੁਨੀਆਂ ਵਿੱਚ ਮਾਂ ਪਿਓ ਨਹੀਂ ਸੀ ਚਾਚਾ-ਚਾਚੀ ਨੇ ਉਸ ਦਾ ਵਿਆਹ ਕਰ ਕੇ ਆਪਣੇ ਮੋਢਿਆਂ ਉੱਤੇ ਮਸਾ ਭਾਰ ਲਾਇਆ ਸੀ। ਉਸ ਨੇ ਇੱਕ ਲੰਮਾ ਹੌਕਾ ਭਰਿਆ। ਉਸ ਨੇ ਇੱਕ ਜ਼ਹਿਰ ਦੀ ਸ਼ੀਸ਼ੀ ਲਈ ਤੇ ਆਪਣੀ ਜਿੰਦਗੀ ਖਤਮ ਕਰਨ ਦੀ ਠਾਣ ਲਈ। ਪਲਾਂ ਛਿਣਾਂ ਵਿੱਚ ਹੀ ਸਭ ਕੁਝ ਖਤਮ ਹੋ ਗਿਆ।

ਰਾਤ ਨੂੰ ਉਸ ਦਾ ਪਤੀ ਕੰਮ ਤੋਂ ਵਾਪਸ ਆਇਆ ਤਾਂ ਉਸ ਨੇ ਦੇਖਿਆ ਕਿ ਜਸਵਿੰਦਰ ਕਿਤੇ ਨਜ਼ਰ ਨਹੀਂ ਆਈ ਉਸਨੇ ਅਵਾਜ਼ਾਂ ਮਾਰੀਆਂ ਜਦੋਂ ਕੋਈ ਜਵਾਬ ਨਾ ਆਇਆ ਉਸ ਨੇ ਕਮਰੇ ਵਿੱਚ ਦੇਖਿਆ ਕਿ ਉਹ ਬੈਡ ਤੇ ਪਈ ਸੀ ਤੇ ਉਸ ਦੇ ਹੱਥ ਵਿੱਚ ਜ਼ਹਿਰ ਦੀ ਸ਼ੀਸ਼ੀ ਸੀ। ਇਹ ਸਭ ਦੇਖ ਕੇ ਉਸ ਦੇ ਪਤੀ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਜਸਵਿੰਦਰ ਦੀ ਮੌਤ ਤੋਂ ਬਾਅਦ ਉਸ ਦੇ ਪਤੀ ਨੂੰ ਇਹ ਅਹਿਸਾਸ ਹੋ ਗਿਆ ਸੀ ਕਿ ਉਸ ਦੀ ਮੌਤ ਦਾ ਜ਼ਿੰਮੇਵਾਰ ਉਹੀ ਹੈ,ਉਹ ਹੀ ਉਸ ਦਾ ਅਸਲ ਕਾਤਲ। ਪਰ ਇੱਕ ਵਾਰ ਲੰਘਿਆ ਸਮਾਂ ਵਾਪਸ ਨਹੀਂ ਆ ਸਕਦਾ ਸੀ। ਅੱਜ ਰੋਣ ਤੋਂ ਸਵਾਏ ਉਸ ਦੇ ਹੱਥ ਕੁਝ ਵੀ ਨਹੀਂ ਰਿਹਾ।

(ਕਹਾਣੀ)

## ਕਾਣੀ ਵੰਡ

- ਡਾ. ਸਰਬਜੀਤ ਕੌਰ ਬਰਾੜ ਮੋਗਾ। ਮੋ. 79866-52927



ਜਰੂਰੀ ਨਹੀਂ ਰਿਸ਼ਤੇ ਆਪਣਿਆਂ ਨਾਲ ਹੀ ਨਿਭਾਏ ਜਾਣ ਕਈ ਵਾਰ ਰਾਹ ਜਾਂਦਿਆਂ ਜਾਂਦਿਆਂ ਵੀ ਅਜਿਹਾ ਰਿਸ਼ਤਾ ਬਣ ਜਾਂਦਾ ਹੈ ਜੋ ਤੁਹਾਨੂੰ ਮੋਹ ਤਾਂ ਲੈਂਦਾ ਹੀ ਹੈ ਇਸਦੇ ਨਾਲ ਨਾਲ ਅਭੁੱਲ ਯਾਦ ਵੀ ਬਣ ਜਾਂਦਾ ਹੈ ਕਿਉਂਕਿ ਜਾਂ ਤਾਂ ਕੋਈ ਤੁਹਾਨੂੰ ਆਪਣਾ ਸਮਝ ਕੇ ਸਵਾਲ ਪਾਉਂਦਾ ਹੈ ਜਾਂ ਫੇਰ ਬੇਬਸੀ ਤੇ ਮਜਬੂਰੀ ਕਾਰਨ।

ਮੈ ਬਜ਼ਾਰ ਵਿੱਚੋ ਲੰਘ ਰਹੀ ਸੀ ਤਾਂ ਦੋ ਬੱਚੀਆਂ ਜੋ ਉਮਰ ਵਿੱਚ ਮਸਾਂ 4 ਕੂ ਸਾਲ ਦੀਆਂ ਹੋਣਗੀਆਂ। ਇੱਕ ਦਮ ਮੇਰੇ ਪਿੱਛੋਂ ਦੀ ਆਈਆਂ ਅਤੇ ਮੇਰੇ ਢਿੱਡ ਉਤੋਂ ਦੀ ਲੱਕ ਨੂੰ ਗਲਵੱਕੜੀ ਮਾਰ ਲਈ ਅਤੇ ਦੀਦੀ ਅਸੀਂ ਪਰੌਠਾ ਖਾਣਾ ਸਾਨੂੰ ਪਰੌਂਠਾ ਖਵਾ ਦਿਓ ਦਾ ਰੌਲਾ ਪਾਉਂਣ ਲੱਗੀਆਂ, ਪਹਿਲਾਂ ਤਾਂ ਮੈਂ ਇੱਕ ਦਮ ਠਠਿੰਬਰ ਜੇ ਗਈ। ਫੇਰ ਮੈਂ ਬੱਚੀਆਂ ਨੂੰ ਆਪਣੇ ਨਾਲੋਂ ਲਾਹਿਆ ਤੇ ਸਾਹਮਣੇ ਇੱਕ ਛੋਟੇ ਜਿਹੇ ਢਾਬੇ 'ਚ ਪਈਆਂ ਮੇਜ ਤੇ ਕੁਰਸੀਆਂ ਕੋਲ ਜਾ ਕੇ ਕੁਰਸੀ ਤੇ ਬਿਠਾਇਆ ਅਤੇ ਪੁੱਛਿਆ ਕਿੰਨੇ ਪਰੌਂਠੇ ਖਾਣੇ। ਬੱਚੀਆਂ ਨੇ ਕਿਹਾ, "ਇੱਕ ਇੱਕ"

...ਆਰਡਰ ਕਰਨ ਤੇ ਇੱਕ ਪਰੌਂਠਾ ਪਲੇਟ ਵਿੱਚ ਪਾ ਕਰਿੰਦੇ ਨੇ ਮੇਰੇ ਵੱਲ ਆਪਣੀ ਬਾਂਹ ਵਧਾਈ ਤੇ ਮੈ ਪਲੇਟ ਫ਼ੜ ਬੁਰਕੀ ਤੋੜ ਬੱਚੀ ਦੇ ਮੂੰਹ ਵਿੱਚ ਪਾਈ, ਨਾਲ ਪੁਛਿੱਆ ਕੇ ਕੀ ਓਹ ਅਚਾਰ ਵੀ ਲਵੇਗੀ। ਓਸਨੇ ਹਾਂ ਵਿੱਚ ਸਿਰ ਹਿਲਾਇਆ। ਮੈਂ ਆਚਾਰ ਲਗਾਕੇ ਆਲੂ ਵਾਲੇ ਪਰੌਂਠੇ ਦੀ ਦੂਜੀ ਬੁਰਕੀ ਕੁੜੀ ਦੇ ਮੂੰਹ ਵਿੱਚ ਪਾਈ। ਓਸਦੇ ਨਾਲ ਦੂਜੀ ਬੱਚੀ ਨੇ ਮੈਨੂੰ ਜੋਰ ਦੀ ਖਿੱਚ ਕੇ ਉਸਨੂੰ ਵੀ ਰੋਟੀ ਖਵਾਉਣ ਲਈ ਕਿਹਾ। ਮੈ ਦੋਨਾਂ ਨੂੰ ਰੋਟੀ ਖਵਾਉਂਦੀ ਖਵਾਉਂਦੀ ਸੁੰਨ ਜਿਹੀ ਹੋ ਗਈ ਤੇ ਉਹਨਾ ਬੱਚੀਆਂ ਦੇ ਚਿਹਰੇ ਦੀ ਚਮਕ ਤੇ ਖੁਸ਼ੀ ਦੇਖ ਸੋਚਣ ਲੱਗੀ ਕੇ ਪਤਾ ਨਹੀਂ ਇਹਨਾਂ ਦੀ ਅੰਮੜੀ ਨੂੰ ਕਿੰਨਾ ਕੂ ਕੰਮ ਹੋਣਾ ਜੋ ਇਹਨਾਂ ਲਈ ਉਸ ਕੋਲ ਸਮਾਂ ਹੀ ਨਹੀਂ, ਜਾਂ ਫਿਰ ਗਰੀਬੀ ਤੇ ਤੰਗੀ ! ਬੱਚੀਆਂ ਏਦਾ ਰੋਟੀ ਖਾ ਰਹੀਆਂ ਸਨ ਤੇ ਜਿਵੇਂ ਓਹ ਰੱਬ ਨੂੰ ਤਾਹਨਾ ਠੋਕ ਰਹੀਆਂ ਹੋਣ...

"ਕਿਉਂ ਕਾਣੀ ਵੰਡ ਸਾਡੇ ਨਾਲ ਰੱਖੀ
ਵਿਕ ਗਿਆ ਬਚਪਨ ਸਾਡਾ ਹਾਕਮਾਂ ਹੱਥੀਂ...

ਕੇ ਰੱਬਾ ਕਦੇ ਓਹਨਾ ਦੀ ਮਾਂ ਨੂੰ ਵੀ ਦੋ ਪਲ ਉਹਨਾ ਲਈ ਸਕੂਨ ਦੇ ਦੇਦੇ ਤਾਂ ਕੇ ਕਦੀ ਮਾਂ ਦੇ ਹੱਥਾਂ ਨਾਲ ਖਾਦੀ ਰੋਟੀ ਤੇ ਗੋਦੀ ਦਾ ਨਿੱਘ ਓਹ ਵੀ ਮਾਣ ਸਕਣ, ਮੈਂ ਉਹਨਾ ਵਿੱਚ ਜਿਵੇਂ ਖੋ ਜਿਹੀ ਗਈ। ਕਿੰਨੀਆਂ ਖੁਸ਼ ਸੀ ਉਹ। ਪਤਾ ਨੀ ਕਦੋਂ ਦੀ ਭੁੱਖ ਲੱਗੀ ਹੋਣੀ ਆਂਦਰਾ ਨੂੰ ਤੇ ਏਨੇ ਨੂੰ ਢਾਬੇ ਵਾਲੇ ਭਾਈ ਦੀ ਆਵਾਜ਼ ਆਈ ਸਾਠ ਰੁਪਏ ਹੋ ਗਏ ਮੈਡਮ ਜੀ ਤੇ ਮੈਂ ਪੈਸੇ ਦੇ ਕੇ ਓਦੋਂ ਤੱਕ ਉਹਨਾ ਵੱਲ ਦੇਖਦੀ ਗਈ। ਜਦੋਂ ਤੱਕ ਉਹ ਢਾਬਾ ਮੇਰੀਆਂ ਅੱਖਾਂ ਦੇ ਓਹਲੇ ਨਹੀਂ ਹੋ ਗਿਆ ਤੇ ਮੇਰਾ ਰੱਬ ਨੂੰ ਵੀ ਜਿਵੇਂ ਸਵਾਲ ਸੀ ਕੇ ਰੱਬਾ ਜੇਕਰ ਸੱਭੇ ਏਕ ਹਨ ਫੇਰ ਇਹਨਾਂ ਨਾਲ ਕਾਣੀ ਵੰਡ ਕਿਉਂ ?

ਕੀ ਇਹ ਵੰਡਾਂ ਤੇਰੀਆਂ ਪਾਈਆਂ?
ਕੀ ਤੂੰ ਧੁਰ ਤੋਂ ਹੀ ਕਾਣੀ ਵੰਡ ਰੱਖੀ ਹੈ?

ਪਰ ਇਸ ਦਾ ਜੁਆਬ ਮੈਨੂੰ ਕਿਤੋਂ ਵੀ ਨਹੀਂ ਮਿਲਣ ਵਾਲਾ ਸੀ ਅਤੇ ਮੈਂ ਆ ਕੇ ਆਪਣੇ ਕੰਮੀਂ ਧੰਦੀਂ ਲੱਗ ਗਈ ਪਰ ਇਹ ਸਵਾਲ ਮੈਨੂੰ ਹਜੇ ਤੱਕ ਸਤਾ ਰਿਹਾ ਸੀ।

Scanned with CamScanner

## 'ਮਾਨਵ ਏਕਤਾਂ ਦਿਵਸ' ਮੌਕੇ ਮੋਗਾ ਦੇ ਮੇਅਰ ਨਿਤਿਕਾ ਭੱਲਾ ਅਤੇ ਸ੍ਰੀ ਵੀਰ ਚੰਦ ਲੂਥਰਾ ਵੱਲੋਂ ਭਵਨਦੀਪ ਸਿੰਘ ਪੁਰਬਾ ਦਾ ਵਿਸ਼ੇਸ਼ ਸਨਮਾਨ




ਮੋਗਾ/ ਭਾਗਵੰਤੀ

ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡੇਸ਼ਨ ਬ੍ਰਾਂਚ ਮੋਗਾ ਵੱਲੋਂ 'ਮਾਨਵ ਏਕਤਾ ਦਿਵਸ ਮੌਕੇ' ਮੋਗਾ ਦੇ ਮੇਅਰ ਨਿਤਿਕਾ ਭੱਲਾ ਵੱਲੋਂ ਪੱਤਰਕਾਰੀ ਦੇ ਖੇਤਰ ਵਿੱਚ ਵਧੀਆਂ ਸੇਵਾਵਾ ਨਿਭਾਉਦਿਆ ਹੋਇਆ ਪੰਜਾਬੀ ਭਾਸ਼ਾ ਤੇ ਪੰਜਾਬੀ ਸਾਹਿਤ ਦੇ ਪ੍ਰਚਾਰ ਤੇ ਪ੍ਰਸਾਰ ਵਿੱਚ ਯੋਗਦਾਨ ਪਾਉਣ ਤੇ 'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਜਿਕਰਯੋਗ ਹੈ ਕਿ ਅਧਿਅਤਾਮਿਕਤਾ ਨਾਲ ਜੁੜੇ ਪ੍ਰਸਿੱਧ ਲੇਖਕ ਮਾਸਟਰ ਆਤਮਾ ਸਿੰਘ ਚੜਿੱਕ ਦੀ ਪੁਸਤਕ 'ਬੇਰੰਗੇ ਦੇ ਰੰਗ' ਜੋ ਪਿਛਲੇ ਦਿਨੀ ਰੀਲੀਜ ਹੋਈ ਹੈ ਜਿਸ ਨੂੰ ਭਵਨਦੀਪ ਸਿੰਘ ਪੁਰਬਾ ਵੱਲੋਂ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਪ੍ਰੋਗਰਾਮ ਵਿੱਚ ਪੁਸਤਕ ਦੀ ਚਰਚਾ ਕੀਤੀ ਗਈ।

ਇਸ ਸਮਾਗਮ ਵਿੱਚ ਮੁੱਖ ਮਹਿਮਾਨ ਜੋਨਲ ਇੰਚਾਰਜ ਸ਼੍ਰੀ ਵੀਰ ਚੰਦ ਲੂਥਰਾ ਅਤੇ ਮੋਗਾ ਦੇ ਮੇਅਰ ਨਿਤਿਕਾ ਭੱਲਾ ਵੱਲੋਂ ਹੋਰ ਵੱਖ-ਵੱਖ ਸ਼ਖਸੀਅਤਾਂ ਨੂੰ ਵੀ ਵੱਖ-ਵੱਖ ਸੇਵਾਵਾ ਨਿਭਾਉਣ ਲਈ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ।

ਇਸ ਮੌਕੇਂ ਉਪਰੋਕਤ ਤੋਂ ਇਲਾਵਾ ਮੋਗਾ ਬ੍ਰਾਂਚ ਦੇ ਸੰਜੋਜਕ ਰਾਕੇਸ਼ ਕੁਮਾਰ ਲੱਕੀ, ਮੇਅਰ ਨਿਤਿਕਾ ਭੱਲਾ ਦੇ ਪਤੀ ਦੀਪਕ ਭੱਲਾ, ਪ੍ਰਸਿੱਧ ਲੇਖਕ ਮਾ. ਆਤਮਾ ਸਿੰਘ ਚੜਿੱਕ, ਕਮਲਜੀਤ ਸਿੰਘ ਬੁੱਘੀਪੁਰਾ, ਡਾ. ਅਰਸ਼ਦੀਪ ਸਿੰਘ, ਸਰਬੱਤ ਦਾ ਭਲਾ ਟਰੱਸਟ ਮੋਗਾ ਜਿਲ੍ਹਾ ਦੇ ਪ੍ਰਧਾਨ ਮਹਿੰਦਰਪਾਲ ਲੂੰਬਾ, ਰੂਰਲ ਐਨ.ਜੀ.ਓ. ਦੇ ਸਿਟੀ ਪ੍ਰਧਾਨ ਸੁਖਦੇਵ ਸਿੰਘ ਬਰਾੜ ਆਦਿ ਅਤੇ ਸੰਤ ਨਿਰੰਕਾਰੀ ਸਤਿਸੰਗ ਭਵਨ ਮੋਗਾ ਦੇ ਵਲੰਟੀਅਰ ਮੁੱਖ ਤੌਰ ਤੇ ਹਾਜਰ ਸਨ।




## ਮਾਮਲਾ ਇੱਕ ਬੀਬੀ ਵੱਲੋਂ ਆਪਣੇ ਚੇਹਰੇ ਉੱਪਰ ਤਿਰੰਗੇ ਦਾ ਨਿਸ਼ਾਨ ਛਾਪ ਕੇ ਦਰਬਾਰ ਸਾਹਿਬ ਅੰਦਰ ਦਾਖਲ ਦਾਖਲ ਹੋਣ ਦਾ!

## ਸ੍ਰੀ ਦਰਬਾਰ ਸਾਹਿਬ ਆਸਥਾ ਦਾ ਕੇਂਦਰ ਹੈ, ਇਹ ਕੋਈ ਖੇਡ ਸਟੇਡੀਅਮ ਨਹੀ ਜਿਥੇ ਕੋਈ ਜਿਹੜਾ ਮਰਜੀ ਝੰਡਾ ਫੜ ਕੇ ਆ ਜਾਏ -ਬਾਬਾ ਰੇਸ਼ਮ ਸਿੰਘ ਜੀ ਖੁਖਰਾਣਾ

ਖੁਖਰਾਣਾ (ਮੋਗਾ) / ਅਪ੍ਰੈਲ 2023 / ਭਵਨਦੀਪ ਸਿੰਘ ਪੁਰਬਾ



ਇੱਕ ਬੀਬੀ ਜੋ ਆਪਣੇ ਚੇਹਰੇ ਉੱਪਰ ਤਿਰੰਗੇ ਦਾ ਨਿਸ਼ਾਨ ਛਾਪ ਕੇ ਦਰਬਾਰ ਸਾਹਿਬ ਅੰਦਰ ਦਾਖਲ ਹੋਣਾ ਚਹੁੰਦੀ ਸੀ। ਇੱਕ ਗੁਰਸਿੱਖ ਸੇਵਾਦਾਰ ਨੇ ਰੋਕ ਦਿੱਤਾ। ਉਸ ਨੇ ਸਹੀ ਕੀਤਾ ਹੈ। ਇਸ ਵਿਚ ਮੁਆਫੀ ਮੰਗਣ ਵਾਲੀ ਕੋਈ ਗੱਲ ਨਹੀਂ ਹੈ। ਸੇਵਾਦਾਰ ਵੱਲੋਂ ਬਹੁਤ ਵਧੀਆ ਕੰਮ ਕੀਤਾ ਗਿਆ। ਕੱਲ ਨੂੰ ਇਹ ਲੋਕ ਤਿਰੰਗੇ ਹੱਥਾਂ 'ਚ ਫੜਕੇ ਆਉਣਗੇ। ਬਿਲਕੁਲ ਸਹੀ ਕੀਤਾ ਸੇਵਾਦਾਰ ਨੇ। ਅਸੀ ਤਾਂ ਸੇਵਾਦਾਰ ਦੀ ਤਾਰੀਫ ਕਰਦੇ ਹਾਂ, ਇਹਨਾਂ ਸਬਦਾਂ ਦਾ ਪ੍ਰਗਟਾਵਾ ਧਾਰਮਿਕ ਪੰਥਕ ਸ਼ਖ਼ਸੀਅਤਾਂ ਬਾਬਾ ਰੇਸ਼ਮ ਸਿੰਘ ਜੀ ਖੁਖਰਾਣਾ, ਬਾਬਾ ਬਲਦੇਵ ਸਿੰਘ ਜੀ ਜੋਗਵਾਲਾ, ਸ੍ਰ ਪਰਮਜੀਤ ਸਿੰਘ ਸਹੌਲੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਹਨਾਂ ਅੱਗੇ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ ਵਿਖੇ ਪੁੱਜੀ ਇਕ ਸ਼ਰਧਾਲੂ ਲੜਕੀ ਨੂੰ ਪਹਿਰੇਦਾਰ ਵੱਲੋਂ ਰੋਕ ਕੇ ਮਰਯਾਦਾ ਦਾ ਪਾਲਣ ਕਰਨ ਲਈ ਆਖਣ 'ਤੇ ਦੋਹਾਂ ਵਿਚਕਾਰ ਹੋਈ ਗੱਲਬਾਤ ਨੂੰ ਲੈ ਕੇ ਸੋਸ਼ਲ ਮੀਡੀਆ 'ਤੇ ਸਿੱਖਾਂ ਵਿਰੁੱਧ ਸਿਰਜੇ ਜਾ ਰਹੇ ਬਿਰਤਾਂਤ ਦੀ ਕਰੜੀ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਸ਼੍ਰੀ ਦਰਬਾਰ ਸਾਹਿਬ ਆਸਥਾ ਦਾ ਕੇਂਦਰ ਹੈ, ਇਹ ਕੋਈ ਖੇਡ ਸਟੇਡੀਅਮ ਨਹੀਂ ਜਿਥੇ ਕੋਈ ਜਿਹੜਾ ਮਰਜੀ ਝੰਡਾ ਫੜ ਕੇ ਆ ਜਾਏ। ਉਨ੍ਹਾਂ ਕਿਹਾ ਕਿ ਅਸੀ ਮੰਨਦੇ ਹਾਂ ਇਹ ਰੱਬ ਦਾ ਘਰ ਹੈ ਇੱਥੇ ਕੋਈ ਵੀ ਆ ਸਕਦਾ ਹੈ। ਪਰ ਇਥੋ ਦੀ ਮਾਨ ਮਰਯਾਦਾ ਦਾ ਪਾਲਣ ਹਰੇਕ ਮਨੁੱਖ ਦਾ ਫਰਜ ਬਣਦਾ ਹੈ। ਭਾਵੇ ਉਹ ਸਿੱਖ ਹੋਵੇ ਹਾਂ ਹੋਰ ਕਿਸੇ ਧਰਮ ਨਾਲ ਸਬੰਧ ਰੱਖਦਾ ਹੋਵੇ।



ਬੀਤੇ ਦਿਨੀਂ ਇੱਕ ਸ਼ਰਧਾਲੂ ਲੜਕੀ ਅਤੇ ਸ੍ਰੀ ਦਰਬਾਰ ਸਾਹਿਬ ਦੇ ਇੱਕ ਪਹਿਰੇਦਾਰ ਵਿਚਕਾਰ ਹੋਈ ਗੱਲਬਾਤ ਨੂੰ ਗਲਤ ਢੰਗ ਨਾਲ ਪੇਸ਼ ਕੀਤਾ ਜਾ ਰਿਹਾ ਹੈ। ਉਹਨਾਂ ਨੇ ਅੱਗੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਆਪਣੇ ਸੇਵਾਦਾਰ ਦੇ ਹੱਕ 'ਚ ਡੱਟ ਕੇ ਖੜਨਾ ਚਾਹੀਦੇ। ਮੁਆਫ਼ੀ ਮੰਗਣ ਵਰਗੀਆਂ ਕੈਰਤਾ ਭਰੀਆਂ ਘਟੀਆ ਗੱਲਾਂ ਕਰਕੇ ਆਪਣੀ ਕਮਜ਼ੋਰੀ ਜ਼ਾਹਰ ਨਹੀ ਕਰਨੀ ਚਾਹੀਦੀ। ਜੇ ਸ਼੍ਰੋਮਣੀ ਕਮੇਟੀ ਨੇ ਕਿਸੇ ਦੇ ਦਬਾ ਥੱਲੇ ਆਕੇ ਸੇਵਾਦਾਰ ਦੇ ਖਿਲਾਫ ਕੋਈ ਕਾਰਵਾਈ ਕੀਤੀ ਤਾਂ ਅਸੀ ਡੱਟ ਕੇ ਵਿਰੋਧ ਕਰਾਂਗੇ। ਕੁੱਝ ਸਿੱਖ ਵਿਰੋਧੀ ਮਾਨਸਿਕਤਾ ਵਾਲੇ ਲੋਕ ਮਹਿਜ ਇੱਕ ਘਟਨਾ ਨੂੰ ਲੈ ਕੇ ਸਿੱਖਾਂ ਦਾ ਅਕਸ ਖ਼ਰਾਬ ਕਰਨ ਅਤੇ ਸੰਸਥਾ ਦੇ ਪ੍ਰਬੰਧਾਂ ਨੂੰ ਬਦਨਾਮ ਕਰਨ ਲਈ ਸੋਸ਼ਲ ਮੀਡੀਆ 'ਤੇ ਮਨਘੜ੍ਹਤ ਅਤੇ ਬੇਬੁਨਿਆਦ ਟਿੱਪਣੀਆਂ ਕਰਨ ਲੱਗੇ ਹੋਏ ਨੇ ਜੋ ਕੇ ਠੀਕ ਨਹੀਂ। ਹਾਲੀ ਵਾਪਰੀ ਘਟਨਾ ਵਿਚ ਇੱਕ ਲੜਕੀ ਨੂੰ ਪਹਿਰੇਦਾਰ ਵਲੋਂ ਮਰਯਾਦਾ ਦੇ ਪਾਲਣ ਲਈ ਕਿਹਾ ਗਿਆ ਸੀ ਜੋ ਕੇ ਹਰੇਕ ਗੁਰਸਿੱਖ ਦਾ ਫਰਜ ਬਣਦਾ ਹੈ। ਉਸ ਦੀ ਤਾਂ ਇਹ ਜ਼ਿੰਮੇਵਾਰੀ ਹੈ। ਪਰੰਤੂ ਫ਼ਿਰ ਵੀ ਮਾਮਲੇ ਨੂੰ ਕੁਝ ਲੋਕ ਜਾਣ-ਬੁਝ ਕੇ ਗਲਤ ਦਿਸ਼ਾ ਵਿਚ ਵਧਾ ਰਹੇ ਹਨ। ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ ਗੁਰੂ ਘਰਾਂ ਅੰਦਰ ਪੁੱਜਣ ਸਮੇਂ ਮਰਯਾਦਾ ਦਾ ਖਿਆਲ ਰੱਖਿਆ ਜਾਵੇ, ਤਾਂ ਜੋ ਅਜਿਹੀਆਂ ਘਟਨਾਵਾਂ ਤੋਂ ਬਚਿਆ ਜਾ ਸਕੇ। ਇਸ ਮੌਕੇ ਭਾਈ ਮੇਜਰ ਸਿੰਘ ਸ੍ਰੀ ਅੰਮ੍ਰਿਤਸਰ ਸਾਹਿਬ, ਗਿਆਨੀ ਹਰਪ੍ਰੀਤ ਸਿੰਘ ਜੋਗੇਵਾਲਾ, ਗਿਆਨੀ ਅਮਰੀਕ ਸਿੰਘ ਜੀਰਾ, ਗਿਆਨੀ ਜਸਵਿੰਦਰ ਸਿੰਘ ਟਿੰਡਵਾਂ, ਭਾਈ ਰਣਜੀਤ ਸਿੰਘ ਵਾਂਦਰ, ਗਿਆਨੀ ਗੁਰਵਿੰਦਰ ਸਿੰਘ ਡੇਮਰੂ, ਕੁਲਵੰਤ ਸਿੰਘ ਗਾਦੜੀ ਵਾਲਾ ਆਦਿ ਸ਼ਖ਼ਸੀਅਤਾਂ ਹਾਜਰ ਸਨ।




Scanned with CamScanner

# ਇੱਕ ਵਾਰ ਫੁੱਲ ਪੈਕੇਜ ਲਵੋ ਅਤੇ ਤਿੰਨ ਸਾਲ ਲਈ ਸਾਡੀਆਂ ਸੇਵਾਵਾ ਪ੍ਰਾਪਤ ਕਰੋ !

International
ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
## ਮਹਿਕ ਵਤਨ ਦੀ
'Mehak Watan Di Live' ● ਲਾਈਵ

* 'ਮਹਿਕ ਵਤਨ ਦੀ ਲਾਈਵ' ਅਖਬਾਰ ਵਿੱਚ ਅਣ-ਲਿਮਟਿਡ ਖਬਰਾਂ ਅਤੇ ਕਵਰੇਜ।

* ਮਾਸਿਕ ਮੈਗਜ਼ੀਨ 'ਮਹਿਕ ਵਤਨ ਦੀ ਲਾਈਵ' (ਪ੍ਰੈਂਟ ਐਡੀਸ਼ਨ) ਦੇ ਹਰ ਅੰਕ ਵਿੱਚ ਰੰਗਦਾਰ ਇਸ਼ਤਿਹਾਰ।

* ਰੋਜ਼ਾਨਾ ਆਨਲਾਈਨ ਅਖਬਾਰ 'ਮਹਿਕ ਵਤਨ ਦੀ ਲਾਈਵ' ਵਿੱਚ ਹਰ ਰੋਜ਼ ਪੂਰੇ ਸਫੇ ਦਾ ਰੰਗਦਾਰ ਇਸ਼ਤਿਹਾਰ।

* ਹਰ ਖਾਸ ਪ੍ਰੋਗਰਾਮ 'ਮਹਿਕ ਵਤਨ ਦੀ ਲਾਈਵ' ਵੈੱਬ ਟੀ.ਵੀ. ਤੇ ਟੈਲੀਕਾਸਟ।

* 'ਮਹਿਕ ਵਤਨ ਦੀ ਲਾਈਵ' ਸੋਸਲ ਮੀਡੀਆਂ ਸੈੱਲ ਵੱਲੋਂ ਹਰ ਦਿਨ-ਤਿਉਹਾਰ ਅਤੇ ਖਾਸ ਦਿਨ੍ਹਾਂ ਦੀਆਂ ਵਧਾਈਆਂ ਅਤੇ ਸੰਦੇਸ਼ ਦੀਆਂ ਪੋਸਟਾ ਤੁਹਾਡੇ ਨਾਮ ਤੇ ਅਸੀਂ ਸ਼ੋਸਲ ਮੀਡੀਆਂ ਤੇ ਅਪਲੋਡ ਕਰਾਗੇ।

* ਤੁਹਾਡੇ ਖਾਸ਼ ਪ੍ਰੋਗਰਾਮ ਅਤੇ ਖਾਸ ਈਵੈਂਟ ਤੇ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਾਗੇ।

ਉਪਰੋਕਤ ਸਾਰੀਆਂ ਸੇਵਾਵਾਂ ਲੈਣ ਲਈ ਇੱਕ ਵਾਰ ਸਾਡਾ ਫੁੱਲ ਪੈਕੇਜ ਲਵੋ ਅਤੇ ਤਿੰਨ ਸਾਲ ਲਈ ਸਾਡੀਆਂ ਸੇਵਾਵਾ ਪ੍ਰਾਪਤ ਕਰੋ!

**ਫੁੱਲ ਪੈਕੇਜ ਲੈਣ ਅਤੇ ਹੋਰ ਜਾਣਕਾਰੀ ਲਈ ਮੇਰੇ ਨਾਲ ਸੰਪਰਕ ਕਰ ਸਕਦੇ ਹੋ।**

**ਭਵਨਦੀਪ ਸਿੰਘ ਪੁਰਬਾ**
ਮੁੱਖ ਸੰਪਾਦਕ: 'ਮਹਿਕ ਵਤਨ ਦੀ ਲਾਈਵ' ਬਿਓਰੋ
ਮਾਸਿਕ ਮੈਗਜ਼ੀਨ * ਰੋਜ਼ਾਨਾ ਆਨਲਾਈਨ ਅਖਬਾਰ * ਵੈੱਬ ਟੀ.ਵੀ.
www.mehakwatandilive.com
Help Line: 9988-92-9988



ਸ਼ਾਤੀ ਦੇ ਪੁੰਜ ਸ਼੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸ਼ਹੀਦੀ ਪੁਰਬ ਤੇ ਉਨ੍ਹਾਂ ਦੇ ਚਰਨਾ ਵਿੱਚ ਕੋਟਿ-ਕੋਟਿ ਪ੍ਰਣਾਮ ਕਰਦੇ ਹਾਂ!



ਮਹਿਕ ਵਤਨ ਦੀ ਲਾਈਵ ਬਿਓਰੋ



## ਸੱਚਖੰਡ ਵਾਸੀ ਸੰਤ ਬਾਬਾ ਬਲਦੇਵ ਸਿੰਘ ਜੀ ਮੰਡੀਰਾਂ ਵਾਲਿਆਂ

ਦੇ ਸਭ ਤੋਂ ਕਰੀਬੀ ਸੇਵਾਦਾਰ

## ਭਾਈ ਹਰਪ੍ਰੀਤ ਸਿੰਘ 'ਡੋਨੀ' ਚੜ੍ਹਿੱਕ



# ਏਕਮ ਟਿਊਸ਼ਨ ਸੈਂਟਰ

ਪੰਜਾਬੀ, ਹਿੰਦੀ ਅਤੇ ਅੰਗਰੇਜੀ ਮੀਡੀਅਮ

# EKAM Tution Center

**All Subject of Nursury to 8 th Classes**

CBSE / ICSE / Punjab School Edu. Board

*Center: Basti Gobindgarh*
*Near Ghalan Walia Di Atta Chakki*
*1195, Ajit Nagar, Moga*



**Contact: 96460-21463**




ਬਾਲ ਕਹਾਣੀ

# ਸ਼ੇਰ ਦੀ ਬੇਵਕੂਫ਼ੀ ਅਤੇ ਔਰਤ ਦੀ ਸਿਆਣਪ

ਸੁਰਿੰਦਰ ਕੌਰ ਸੋਮੀ
ਫਿਲੌਰ

ਇਕ ਵਾਰ ਦੀ ਗੱਲ ਹੈ ਕਿ ਇਕ ਇਸਤਰੀ ਜਿਸ ਦਾ ਨਾਂ ਫੱਤੋ ਸੀ ਆਪਣੇ ਪਤੀ ਅਤੇ ਬੱਚਿਆਂ ਸਮੇਤ ਇਕ ਬੈਲਗੱਡੀ 'ਤੇ ਸਵਾਰ ਹੋ ਕੇ ਜੰਗਲ ਵਿਚੋਂ ਲੰਘ ਰਹੀ ਸੀ। ਉਹ ਬੜੀ ਬੁੱਧੀਮਾਨ ਸੀ। ਸੰਘਣੇ ਜੰਗਲ ਵਿਚ ਪੁੱਜ ਕੇ ਗੱਡੀ ਦੇ ਬਲਦਾਂ ਨੇ ਕੁਝ ਖਤਰਾ ਮਹਿਸੂਸ ਕੀਤਾ ਤੇ ਉਹ ਗੱਡੀ ਵਿਚੋਂ ਨਿਕਲ ਕੇ ਇਧਰ-ਉਧਰ ਦੌੜ ਗਏ। ਫੱਤੋ ਦਾ ਪਤੀ ਤੇ ਕੋਚਵਾਨ ਬਲਦਾਂ ਨੂੰ ਫੜਨ ਲਈ ਉਹਨਾਂ ਦੇ ਪਿੱਛੇ ਦੌੜ ਪਏ। ਫੱਤੋ ਨੇ ਬੱਚਿਆਂ ਨੂੰ ਗੱਡੀ ਤੋਂ ਥੱਲੇ ਲਾਹਿਆ ਤੇ ਇਕ ਦਰੱਖਤ ਹੇਠ ਬੈਠ ਕੇ ਆਪਣੇ ਪਤੀ ਦੀ ਉਡੀਕ ਕਰਨ ਲੱਗੀ। ਜਿਥੇ ਗੱਡੀ ਰੁਕੀ ਸੀ ਉਥੇ ਕੋਲ ਹੀ ਇਕ ਝਾੜੀ ਵਿਚ ਇਕ ਸ਼ੇਰ ਲੁਕਿਆ ਬੈਠਾ ਸੀ। ਫੱਤੋ ਅਤੇ ਉਸ ਦੇ ਬੱਚਿਆਂ ਨੂੰ ਵੇਖ ਕੇ ਉਸ ਦੇ ਮੂੰਹ ਵਿਚ ਪਾਣੀ ਭਰ ਆਇਆ। ਉਸ ਨੇ ਸੋਚਿਆ, "ਵਾਹ ਸ਼ਿਕਾਰ ਆਪਣੇ ਆਪ ਹੀ ਮੇਰੇ ਮੂੰਹ ਵਿਚ ਆ ਪਿਆ ਹੈ। ਮੈਂ ਕਾਫੀ ਸਮੇਂ ਤੋਂ ਮਨੁੱਖੀ ਮਾਸ ਦਾ ਸੁਆਦ ਨਹੀਂ ਚੱਖਿਆ ਹੈ। ਪਰ ਇਹ ਤੀਵੀਂ ਬੜੀ ਚਲਾਕ ਲੱਗਦੀ ਹੈ। ਨਹੀਂ ਤਾਂ ਉਹ ਮੇਰੀ ਝਾੜੀ ਦੇ ਲਾਗੇ ਬਹਿਣ ਦੀ ਹਿੰਮਤ ਕਿਵੇਂ ਕਰ ਸਕਦੀ ਸੀ। ਜ਼ਰੂਰ ਇਸ ਵਿਚ ਕੋਈ ਰਾਜ ਹੈ। ਮੈਨੂੰ ਇਕ ਦਮ ਉਸ ਦੇ ਉੱਤੇ ਹਮਲਾ ਨਹੀਂ ਕਰਨਾ ਚਾਹੀਦਾ। ਇਸ ਸਮੇਂ ਮੇਰਾ ਵਜੀਰ ਗਿੱਦੜ ਵੀ ਮੇਰੇ ਕੋਲ ਨਹੀਂ ਹੈ। ਕੀ ਮੈਂ ਉਸ ਦੇ ਕੋਲ ਜਾ ਕੇ ਸਲਾਹ ਲਵਾਂ? ਪਰ ਮੈਂ ਬਹੁਤ ਭੁੱਖਾ ਹਾਂ।" ਇਹਨਾਂ ਵਿਚਾਰਾਂ ਨਾਲ ਸ਼ੇਰ ਝਾੜੀ ਵਿਚੋਂ ਬਾਹਰ ਆਇਆ ਤੇ ਤੀਵੀਂ ਤੇ ਝਪਟਣ ਦੀ ਤਿਆਰੀ ਕਰਨ ਲੱਗਾ। ਫੱਤੋ ਨੇ ਸ਼ੇਰ ਨੂੰ ਵੇਖਿਆ। ਉਹ ਡਰ ਗਈ ਪਰ ਉਸ ਨੇ ਆਪਣੇ ਹੋਸ਼ ਕਾਇਮ ਰੱਖੇ। ਉਸ ਨੇ ਆਪਣੇ ਦੋਹਾਂ ਬੱਚਿਆਂ ਨੂੰ ਇਕ-ਇਕ ਚੂੰਡੀ ਵੱਢੀ ਤੇ ਆਪਣੀ ਗੋਦੀ ਤੋਂ ਥੱਲੇ ਲਾਹ ਦਿੱਤਾ। ਬੱਚੇ ਰੋਣ ਲੱਗ ਗਏ। ਉਹਨਾਂ ਨੂੰ ਚੁੱਪ ਕਰਾਉਂਦਿਆਂ ਉਹ ਬੋਲੀ ਬੱਚਿਓ ਚੁਪ ਕਰੋ ਮੈਂ ਤੁਹਾਡੇ ਲਈ ਰੋਜ-ਰੋਜ ਸ਼ੇਰ ਦਾ ਮਾਸ ਕਿੱਥੋਂ ਲਿਆਵਾਂ। ਇਸ ਜੰਗਲ ਵਿਚ ਮੈਂ ਸਿਰਫ ਤੁਹਾਡੇ ਲਈ ਸ਼ੇਰ ਲੱਭਣ ਆਈ ਹਾਂ ਪਰ ਹਾਲੇ ਤੱਕ ਮੈਨੂੰ ਇਕ ਵੀ ਸ਼ੇਰ ਨਹੀਂ ਲੱਭਿਆ। ਜੇ ਲੱਭ ਗਿਆ ਤਾਂ ਮੈਂ ਤੁਹਾਨੂੰ ਅੱਧਾ-ਅੱਧਾ ਵੰਡ ਦਿਆਂਗੀ। ਜੇ ਦੋ ਲੱਭ ਗਏ ਤਾਂ ਇਕ-ਇਕ ਮਾਰ ਕੇ ਤੁਹਾਨੂੰ ਦੇ ਦਿਆਂਗੀ। ਤੁਸੀਂ ਕੁਝ ਦੇਰ ਹੋਰ ਸੁੱਤੇ ਰਹੋ।" ਇਹ ਆਖ ਕੇ ਫੱਤੋ ਆਪਣੇ ਬੱਚਿਆਂ ਨੂੰ ਲੋਰੀ ਸੁਣਾਉਣ ਲੱਗੀ ਤਾਂ ਜੋ ਉਹ ਸੌਂ ਜਾਣ। ਸ਼ੇਰ ਇਹ ਸੁਣ ਕੇ ਡਰ ਗਿਆ ਤੇ ਉਥੋਂ ਭੱਜ ਗਿਆ। ਉਹ ਝਾੜੀਆਂ ਨੂੰ ਮਿੱਧਦਾ ਹੋਇਆ ਲੰਬੀਆਂ-ਲੰਬੀਆਂ ਛਾਲਾਂ ਮਾਰਦਾ ਹੋਇਆ ਉਸ ਤੀਵੀਂ ਤੋਂ ਬਹੁਤ ਦੂਰ ਪਹੁੰਚ ਗਿਆ। ਡਰ ਨਾਲ ਉਹ ਅਜੇ ਵੀ ਕੰਬ ਰਿਹਾ ਸੀ। ਅਚਾਨਕ ਗਿੱਦੜ ਵੀ ਉੱਥੇ ਪਹੁੰਚ ਗਿਆ। ਗਿੱਦੜ ਕੋਲੋਂ ਸ਼ੇਰ ਦੀ ਹਾਲਤ ਵੇਖੀ ਨਾ ਗਈ। ਉਹ ਬੋਲਿਆ, "ਸਲਾਮਤ ਬਾਦਸ਼ਾਹ! ਰੱਬ ਖ਼ੈਰ ਕਰੇ। ਤੁਸੀਂ ਐਨੀ ਦੂਰ ਇਕੱਲੇ ਕਿਵੇਂ ਆ ਗਏ...ਤੁਹਾਨੂੰ ਆਪਣੇ ਸੇਵਕਾਂ ਨਾਲ ਆਉਣਾ ਚਾਹੀਦਾ ਹੈ। ਇਹ ਥਾਂ ਖਤਰੇ ਤੋਂ ਖਾਲੀ ਨਹੀਂ।" ਗਿੱਦੜਾ ਤੂੰ ਕੀ ਜਾਣੇ, ਸ਼ੇਰ ਬੋਲਿਆ, "ਮੇਰਾ ਤਾਂ ਦੂਜਾ ਜਨਮ ਹੋਇਆ ਹੈ। ਇਹ ਤਾਂ ਮੇਰੇ ਪਿਛਲੇ ਕਰਮਾਂ ਦਾ ਫਲ ਹੈ। ਵੇਖ ਆਲੇ-ਦੁਆਲੇ ਕੋਈ ਆਪਣੀਆਂ ਗੱਲਾਂ ਤਾਂ ਨਹੀਂ ਸੁਣ ਰਿਹਾ।" ਡਰ ਨਾਲ ਕੰਬਦੇ ਹੋਏ ਸ਼ੇਰ ਨੇ ਆਪਣੇ ਨਾਲ ਵਾਪਰੀ ਸਾਰੀ ਘਟਨਾ ਬਾਰੇ ਗਿੱਦੜ ਨੂੰ ਦੱਸ ਦਿੱਤਾ। ਸ਼ੇਰ ਦੀ ਕਹਾਣੀ ਸੁਣ ਕੇ ਗਿੱਦੜ ਖੂਬ ਹੱਸਿਆ। ਉਹ ਬੋਲਿਆ, "ਬਾਦਸ਼ਾਹ ਸਲਾਮਤ, ਤੁਹਾਡੇ ਮੂੰਹੋਂ ਇਹ ਸੁਣ ਕੇ ਬੜੀ ਹੈਰਾਨੀ ਹੋ ਰਹੀ ਹੈ ਕਿ ਇਕ ਤੀਵੀਂ ਪਾਸੋਂ ਡਰ ਕੇ ਤੁਸੀਂ ਇਸ ਤਰ੍ਹਾਂ ਨੱਸ ਰਹੇ ਹੋ। ਤੁਹਾਡਾ ਜਨਮ ਸ਼ੇਰਾਂ ਦੇ ਪਰਿਵਾਰ ਵਿਚ ਹੋਇਆ ਹੈ। ਤੁਸੀਂ ਤਾਂ ਉਹਨਾਂ ਦਾ ਨੱਕ ਹੀ ਵੱਢ ਸੁੱਟਿਆ ਹੈ। ਇਹ ਬੜੀ ਹੀ ਸ਼ਰਮ ਵਾਲੀ ਗੱਲ ਹੈ ਕਿ ਤੁਸੀਂ ਵੀ ਹੁਣ ਬੁਜਦਿਲਾਂ ਵਾਂਗ ਬੋਲ ਰਹੇ ਹੋ। ਅਸੀਂ ਸਾਰੇ ਤੁਹਾਡੇ ਤੇ ਨਿਰਭਰ ਹਾਂ। ਜੇ ਤੁਸੀਂ ਸ਼ਿਕਾਰ ਨਹੀਂ ਕਰੋਗੇ ਤਾਂ ਅਸੀਂ ਵੀ ਭੁੱਖੇ ਰਹਿ ਜਾਵਾਂਗੇ। ਕਿੰਨੀ ਸ਼ਰਮ ਦੀ ਗੱਲ ਹੈ ਕਿ ਇਕ ਔਰਤ ਤਾਂ ਬੱਚਿਆਂ ਨੂੰ ਸ਼ੇਰ ਦਾ ਮਾਸ ਖੁਵਾਉਣ ਲਈ ਕਹਿ ਰਹੀ ਹੈ ਤੇ ਤੁਸੀਂ ਉਸ ਤੋਂ ਡਰ ਕੇ ਭੱਜ ਆਏ ਹੋ। ਆਓ ਮੇਰੇ ! ਨਾਲ ਚੱਲੋ ਤੇ ਮੈਨੂੰ ਉਸ ਤੀਵੀਂ ਦੇ ਦਰਸ਼ਨ ਕਰਵਾਉ। ਮੈਂ ਉਸ ਨੂੰ ਬੱਚਿਆਂ ਸਮੇਤ ਤੁਹਾਨੂੰ ਸੌਗਾਤ ਦੇ ਰੂਪ ਵਿੱਚ ਭੇਂਟ ਕਰਾਂਗਾ।



ਸ਼ੇਰ ਨੇ ਜਵਾਬ ਦਿੱਤਾ, ਮੈਂ ਤੇਰੀ ਬਹਾਦਰੀ ਅਤੇ ਗਿੱਦੜ ਭੱਬਕੀ ਤੋਂ ਚੰਗੀ ਤਰ੍ਹਾਂ ਜਾਣੂ ਹਾਂ। ਤੂੰ ਕੁਝ ਵੀ ਪਿਆ ਆਖ, ਮੈਂ ਤਾਂ ਹੁਣ ਉਥੇ ਨਹੀਂ ਜਾਣਾ। ਜੇ ਤੂੰ ਜਾਣਾ ਚਾਹੁੰਦਾ ਹੈ ਤਾਂ ਬੇਸ਼ੱਕ ਜਾਹ। ਮੈਂ ਤਾਂ ਉਥੇ ਉਦੋਂ ਹੀ ਜਾਵਾਂਗਾ ਜਦੋਂ ਉਹ ਔਰਤ ਉਥੋਂ ਚਲੀ ਜਾਵੇਗੀ। ਗਿੱਦੜ ਬੋਲਿਆ, "ਇੰਝ ਕਿੰਨੀ ਦੇਰ ਤਕ ਚੱਲੇਗਾ? ਉਠੋ ਦੋਵੇਂ ਚਲਦੇ ਹਾਂ। ਜੇਕਰ ਤੁਹਾਨੂੰ ਮੇਰੇ ਤੇ ਵਿਸ਼ਵਾਸ ਨਹੀਂ ਤਾਂ ਮੈਨੂੰ ਇਹਨਾਂ ਵੇਲਾਂ ਨਾਲ ਆਪਣੇ ਸ਼ਰੀਰ ਨਾਲ ਬੰਨ੍ਹ ਲਉ। ਇਹ ਆਖ ਕੇ ਗਿੱਦੜ ਨੇ ਵੇਲਾਂ ਇਕੱਠੀਆਂ ਕੀਤੀਆਂ ਤੇ ਆਪਣੇ ਆਪ ਨੂੰ ਸ਼ੇਰ ਦੇ ਸ਼ਰੀਰ ਨਾਲ ਬੰਨ੍ਹ ਲਿਆ ਤੇ ਜੰਗਲ ਵੱਲ ਨੂੰ ਤੁਰ ਪਏ।

ਔਰਤ ਨੇ ਜਦ ਉਹਨਾਂ ਦੋਹਾਂ ਨੂੰ ਆਉਂਦੇ ਵੇਖਿਆ ਤਾਂ ਡਰ ਗਈ ਪਰ ਉਹ ਘਬਰਾਈ ਨਹੀਂ। ਉਹ ਜੋਰ-ਜੋਰ ਨਾਲ ਬੋਲਣ ਲੱਗੀ, ਉਏ ਧੋਖੇਬਾਜ਼ ਗਿੱਦੜਾ ਤੂੰ ਏਨਾ ਧੋਖੇਬਾਜ਼ ਏਂ। ਤੂੰ ਮੇਰੇ ਪਾਸੋਂ ਰਿਸ਼ਵਤ ਕਿਸ ਗੱਲ ਦੀ ਲਈ ਸੀ। ਤੂੰ ਤਾਂ ਕਿਹਾ ਸੀ ਕਿ ਤੂੰ ਦੋ ਸ਼ੇਰ ਲਿਆਵੇਂਗਾ ਪਰ ਤੂੰ ਤਾਂ ਇਕੋ ਸ਼ੇਰ ਹੀ ਲਿਆ ਰਿਹਾ ਹੈਂ। ਇਕ ਸ਼ੇਰ ਨਾਲ ਮੇਰੇ ਬੱਚਿਆਂ ਦਾ ਕੀ ਬਣੇਗਾ? ਉਹ ਤਾਂ ਕਈ ਦਿਨਾਂ ਦੇ ਭੁੱਖੇ ਹਨ। ਮੈਂ ਕਿਹੜੇ ਵੇਲੇ ਦੀ ਤੇਰੀ ਉਡੀਕ ਕਰ ਰਹੀ ਹਾਂ, ਪਰ ਕੋਈ ਗੱਲ ਨਹੀਂ ਹੁਣ ਮੈਂ ਸ਼ੇਰ ਦੇ ਨਾਲ ਤੈਨੂੰ ਵੀ ਮਾਰ ਕੇ ਆਪਣੇ ਬੱਚਿਆਂ ਦਾ ਢਿੱਡ ਭਰਾਂਗੀ। ਫੱਤੋ ਦੇ ਇਹ ਬੋਲ ਸੁਣ ਕੇ ਸ਼ੇਰ ਗਰਜਿਆ। ਉਏ ਗਿੱਦੜਾ, ਮੈਂ ਤੇਰੇ ਤੇ ਵਿਸ਼ਵਾਸ ਕੀਤਾ ਤੇ ਤੂੰ ਮੈਨੂੰ ਉਸ ਦਾ ਇਹ ਫਲ ਦਿੱਤਾ ਹੈ। ਤੇਰੀ ਨੀਯਤ ਦਾ ਮੈਨੂੰ ਹੁਣ ਪਤਾ ਲੱਗ ਗਿਆ ਹੈ। ਇੰਨਾ ਕਹਿ ਕੇ ਸ਼ੇਰ ਉਥੋਂ ਨੱਸ ਪਿਆ। ਗਿੱਦੜ ਵੀ ਉਸ ਦੇ ਨਾਲ ਲੁੜਕਦਾ ਹੋਇਆ ਜਾ ਰਿਹਾ ਸੀ। ਝਾੜੀਆਂ ਵਿਚ ਫਸਦੇ ਫਸਾਂਦੇ ਉਹ ਕਾਫੀ ਦੂਰ ਨਿਕਲ ਆਏ ਸਨ। ਗਿੱਦੜ ਨੂੰ ਕਾਫੀ ਸੱਟਾਂ ਵੱਜੀਆਂ ਸਨ ਤੇ ਸ਼ੇਰ ਦਾ ਪਾਰਾ ਸੱਤਵੇਂ ਆਸਮਾਨ ਤੇ ਚੜ੍ਹਿਆ ਹੋਇਆ ਸੀ। ਵੇਲਾਂ ਵੀ ਹੁਣ ਟੁੱਟ ਚੁੱਕੀਆਂ ਸਨ। ਉਹ ਦੋਨੋਂ ਸਾਹ ਲੈਣ ਲਈ ਇਕ ਦਰੱਖਤ ਹੇਠ ਰੁਕ ਗਏ। ਸ਼ੇਰ ਨੂੰ ਗਿੱਦੜ ਉੱਤੇ ਬਹੁਤ ਗੁੱਸਾ ਆ ਰਿਹਾ ਸੀ। ਉਹ ਬੋਲਿਆ ਗਿੱਦੜਾ ਦਗਾਬਾਜਾ। ਤੇਰੇ ਟੁੱਕੜੇ-ਟੁੱਕੜੇ ਕਰਕੇ ਖੂਨ ਪੀ ਜਾਵਾਂਗਾ। ਕਿਸੇ ਨਾਲ ਵਿਸ਼ਵਾਸਘਾਤ ਕਰਨ ਦਾ ਮਜ਼ਾ ਤੈਨੂੰ ਹੁਣੇ ਚਖਾਉਂਦਾ ਹਾਂ। ਗਿੱਦੜ ਬੋਲਿਆ ਬਾਦਸ਼ਾਹੋ ਆਪਣੀ ਖ਼ੈਰ ਮਨਾਉ। ਉਹ ਤੀਵੀਂ ਆਪਣੇ ਖੂਨ ਦੇ ਤਬਕਿਆਂ ਦੀ ਮਦੱਦ ਨਾਲ ਇਥੇ ਪਹੁੰਚ ਜਾਵੇਗੀ। ਪਹਿਲਾਂ ਇਥੋਂ ਨੱਸਣ ਦੀ ਕਰੋ। ਮੇਰੇ ਗੁਨਾਹ ਦੀ ਸਜ਼ਾ ਮੈਨੂੰ ਬਾਅਦ ਵਿਚ ਦੇਣਾ। ਸ਼ੇਰ ਝਟਪਟ ਉਥੋਂ ਨੱਸ ਪਿਆ। ਗਿੱਦੜ ਨੇ ਸ਼ੇਰ ਤੋਂ ਉਲਟ ਦਿਸ਼ਾ ਵੱਲ ਨੱਸਣ ਵਿਚ ਆਪਣੀ ਖ਼ੈਰ ਸਮਝੀ। ਕੁਝ ਸਮੇਂ ਪਿਛੋਂ ਫੱਤੋ ਦਾ ਪਤੀ ਬਲਦਾਂ ਨੂੰ ਫੜ ਕੇ ਲੈ ਆਇਆ। ਉਹ ਫਿਰ ਬੈਲਗੱਡੀ ਵਿਚ ਸਵਾਰ ਹੋ ਕੇ ਅਗਾਂਹ ਨੂੰ ਤੁਰ ਪਏ ਤੇ ਡਰਾਵਣਾ ਜੰਗਲ ਪਾਰ ਕਰ ਗਏ।

ਬਾਲ ਕਹਾਣੀ

# ਮੱਦਦ ਦਾ ਨਤੀਜਾ

ਰਾਜਾ ਜੰਡਿਆਲੀਆ

ਇੱਕ ਵਾਰ ਇੱਕ ਬੁਲਬੁਲ ਨੂੰ ਆਲ੍ਹਣੇ ਤੱਕ ਪੁੱਜਦਿਆਂ ਹਨੇਰਾ ਹੋ ਗਿਆ। ਉਹ ਭਟਕਦੀ ਹੋਈ ਇੱਕ ਰੁੱਖ ਉੱਪਰ ਆ ਕੇ ਬੈਠ ਗਈ। ਉਸ ਨੇ ਕੋਲ ਹੀ ਇੱਕ ਕਾਂ ਦਾ ਆਲ੍ਹਣਾ ਵੇਖਿਆ ਤੇ ਉਸ ਨੂੰ ਰਾਤ ਕੱਟਣ ਵਾਸਤੇ ਆਲ੍ਹਣੇ 'ਚ ਥੋੜ੍ਹੀ ਜਿਹੀ ਥਾਂ ਦੇਣ ਨੂੰ ਕਿਹਾ। ਪਰ ਕਾਂ ਨੇ ਉਸ ਨੂੰ ਸਾਫ ਹੀ ਨਾਂਹ ਕਰ ਦਿੱਤੀ ਕਿ ਉਸ ਦੇ ਬੱਚੇ ਕਿੱਥੇ ਸੌਣਗੇ?

ਬੁਲਬੁਲ ਨੇ ਫਿਰ ਚਿੜੀ ਨੂੰ ਆਲ੍ਹਣੇ 'ਚ ਥਾਂ ਦੇਣ ਨੂੰ ਕਿਹਾ ਤਾਂ ਚਿੜੀ ਨੇ ਕਿਹਾ, "ਦੀਦੀ, ਅੱਜ ਮੇਰੇ ਮਹਿਮਾਨ ਆਏ ਹੋਏ ਨੇ।" ਬੁਲਬੁਲ, ਘੁੱਗੀ ਕੋਲ ਗਈ ਤਾਂ ਘੁੱਗੀ ਨੇ ਕਹਿ ਦਿੱਤਾ, "ਭੈਣੇ ਮੁਸ਼ਕਿਲ ਹੈ, ਮੇਰਾ ਆਲ੍ਹਣਾ ਤਾਂ ਕਈ ਦਿਨਾਂ ਦੇ ਖਾਣੇ ਨਾਲ ਭਰਿਆ ਹੈ, ਤੂੰ ਕਿਸੇ ਹੋਰ ਪੰਛੀ ਨੂੰ ਪੁੱਛ ਲੈ।" ਕਾਫੀ ਰਾਤ ਹੋ ਚੁੱਕੀ ਸੀ। ਬੁਲਬੁਲ ਨੇ ਦੇਖਿਆ ਕਿ ਬਾਕੀ ਪੰਛੀ ਘੂਕ ਸੁੱਤੇ ਪਏ ਸਨ। ਉਹ ਦਰੱਖਤ ਦੇ ਪੱਤਿਆਂ 'ਚ ਲੁਕ ਕੇ ਬੈਠ ਗਈ ਤੇ ਗਾਉਣ ਲੱਗੀ—

"ਫਸ ਗਈ ਹਾਂ ਮੈਂ ਮਜ਼ਬੂਰ।
ਘਰ ਮੇਰਾ ਹੈ ਕਿੰਨੀ ਹੀ ਦੂਰ।
ਆਲ੍ਹਣੇ ਵਿਚ ਮੈਨੂੰ ਦੇ ਦਿਓ ਥਾਂ,
ਮਦਦ ਮੇਰੀ ਕਰ ਦਿਓ ਜ਼ਰੂਰ।"

ਬੁਲਬੁਲ ਦੇ ਬੋਲ ਸੁਣ ਕੇ ਨੇੜੇ ਦੇ ਦਰੱਖਤ 'ਤੇ ਆਲ੍ਹਣੇ 'ਚ ਸੁੱਤਾ ਪਿਆ ਤੋਤਾ ਉਠਿਆ ਤੇ ਕਹਿਣ ਲੱਗਾ, "ਆ ਭੈਣ ਬੁਲਬੁਲ, ਤੂੰ ਮੇਰੇ ਆਲ੍ਹਣੇ 'ਚ ਆਰਾਮ ਕਰ।" ਬੁਲਬੁਲ ਉੱਡ ਕੇ ਉਸ ਦੇ ਆਲ੍ਹਣੇ 'ਚ ਚਲੇ ਗਈ। ਤੋਤਾ ਆਲ੍ਹਣੇ ਦੇ ਨੇੜੇ ਹੀ ਟਾਹਣੇ 'ਤੇ ਬੈਠ ਗਿਆ ਤੇ ਸਾਰੀ ਰਾਤ ਉੱਥੇ ਹੀ ਗੁਜ਼ਾਰੀ। ਸਵੇਰ ਹੋਈ ਤਾਂ ਬੁਲਬੁਲ ਨੇ ਵੇਖਿਆ ਕਿ ਤੋਤਾ ਆਲ੍ਹਣੇ ਵਿਚ ਨਹੀਂ ਤੇ ਸਾਰੀ ਰਾਤ ਟਾਹਣੇ ਉੱਪਰ ਬੈਠਾ ਰਿਹਾ ਹੈ। ਉਹ ਉਸ ਦੀ ਮਦਦ ਤੋਂ ਬਹੁਤ ਪ੍ਰਭਾਵਿਤ ਹੋਈ ਤੇ ਉਸ ਦਾ ਧੰਨਵਾਦ ਕਰਕੇ ਉਹ ਗੱਲ ਕਹਿ ਕੇ ਚਲੇ ਗਈ ਕਿ ਤੈਨੂੰ ਤੋਤੇ ਵੀਰ ਜਦੋਂ ਵੀ ਕੋਈ ਮੇਰੀ ਜ਼ਰੂਰਤ ਪਏਗੀ ਤਾਂ ਮੈਂ ਤੇਰੀ ਮਦਦ ਲਈ ਜ਼ਰੂਰ ਪਹੁੰਚਾਂਗੀ।

ਕਾਫੀ ਦਿਨਾਂ ਬਾਅਦ ਤੋਤਾ ਇੱਕ ਬਾਗ 'ਚ ਅਮਰੂਦ ਖਾਣ ਗਿਆ। ਉੱਥੇ ਬਾਗ ਦਾ ਮਾਲੀ ਵੀ ਮੌਜੂਦ ਸੀ। ਉਸ ਨੇ ਗੁਲੇਲ ਨਾਲ ਤੋਤੇ ਨੂੰ ਜ਼ਖ਼ਮੀ ਕਰ ਦਿੱਤਾ ਤੇ ਤੋਤਾ ਭੁੰਝੇ ਡਿੱਗ ਕੇ ਤੜਫਣ ਲੱਗਾ। ਇੰਨੇ ਨੂੰ ਉਹ ਬੁਲਬੁਲ ਵੀ ਉੱਥੇ ਆ ਗਈ। ਉਹ ਨੇੜੇ ਹੀ ਰਹਿੰਦੀ ਸੀ। ਉਸ ਨੇ ਤੋਤੇ ਨੂੰ ਝੱਟ ਪਛਾਣ ਲਿਆ। ਉਹ ਉਸ ਦੀ ਹਾਲਤ ਦੇਖ ਕੇ ਬਹੁਤ ਦੁਖੀ ਹੋਈ। ਇੰਨੇ ਨੂੰ ਮਾਲੀ ਨੇ ਇੱਕ ਪਿੰਜਰਾ ਚੁੱਕਿਆ ਤੇ ਤੋਤੇ ਨੂੰ ਫੜ ਕੇ ਉਸ ਵਿਚ ਸੁੱਟਣ ਲਈ ਜਿਉਂ ਹੀ ਅੱਗੇ ਵਧਿਆ, ਬੁਲਬੁਲ ਨੇ ਗਾਉਣਾ ਸ਼ੁਰੂ ਕੀਤਾ।

ਤੂੰ ਕਿੱਧਰ ਮਾਲੀਆ ਤੁਰਿਆ ਜਾਨਾਂ।
ਬਾਗੋਂ ਬਾਹਰ ਏ ਪਿਆ ਖਜ਼ਾਨਾ।
ਜਾ ਕੇ ਸਾਂਭ ਸਕਦੈਂ ਤਾਂ ਸਾਂਭ ਲੈ।

ਮਾਲੀ ਇਹ ਸੁਣ ਕੇ ਇਧਰ-ਉਧਰ ਹੈਰਾਨੀ ਨਾਲ ਦੇਖਣ ਲੱਗਾ ਕਿ ਇਹ ਕਿਸ ਦੇ ਬੋਲ ਹਨ। ਲਾਲਚ ਵੱਸ ਪਿਆ ਮਾਲੀ ਸੋਚਣ ਲੱਗਾ ਕਿ ਇਹ ਜ਼ਰੂਰ ਕੋਈ ਚਮਤਕਾਰ ਹੈ। ਉਸ ਨੇ ਸੋਚਿਆ ਬਾਗ ਤੋਂ ਬਾਹਰ ਜ਼ਰੂਰ ਕੋਈ ਖਜ਼ਾਨਾ ਪਿਆ ਹੈ। ਉਸ ਨੇ ਉੱਚੀ ਆਵਾਜ਼ 'ਚ ਪੁੱਛਿਆ, "ਕੀ ਇਹ ਖਜ਼ਾਨਾ ਮੈਨੂੰ ਮਿਲੇਗਾ....?"

ਬੁਲਬੁਲ ਨੇ ਫਿਰ ਗਾਉਣਾ ਸ਼ੁਰੂ ਕਰ ਦਿੱਤਾ:

"ਹਾਂ, ਤੈਨੂੰ ਮਿਲਣਗੇ ਹੀਰੇ-ਮੋਤੀ।
ਇੱਕ ਕੁੜਤਾ, ਇੱਕ ਪਰਨਾ ਤੇ ਧੋਤੀ।
ਮਾਲੋ-ਮਾਲ ਤੂੰ ਹੋ ਜਾਏਂਗਾ ਮਾਲੀਆ,
ਕਰੇਗੀ ਐਸ਼ ਤੇਰੀ ਦਾਦੀ ਤੇ ਪੋਤੀ।"

ਇਹ ਸੁਣ ਕੇ ਮਾਲੀ ਖੁਸ਼ੀ ਨਾਲ ਝੂਮ ਉਠਿਆ ਤੇ ਬਾਗ ਤੋਂ ਬਾਹਰ ਜਾ ਕੇ ਇਧਰ-ਉਧਰ ਖਜ਼ਾਨਾ ਭਾਲਣ ਲੱਗਾ। ਇਸੇ ਪਲ ਦੇ ਇੰਤਜ਼ਾਰ 'ਚ ਬੁਲਬੁਲ ਸੀ। ਉਹ ਤੋਤੇ ਕੋਲ ਆਈ ਤੇ ਉਸ ਨੂੰ ਸਹਾਰਾ ਦੇ ਕੇ ਉਡਾ ਕੇ ਉਸ ਦੇ ਆਲ੍ਹਣੇ ਵੱਲ ਲੈ ਗਈ। ਰਸਤੇ ਵਿਚ ਜਾਂਦੇ ਸਮੇਂ ਤੋਤਾ ਸੋਚ ਰਿਹਾ ਸੀ ਕਿ ਉਸ ਦਿਨ ਬੁਲਬੁਲ ਦੀ ਕੀਤੀ ਮਦੱਦ ਦਾ ਅੱਜ ਉਸ ਨੂੰ ਇਹ ਫਲ ਮਿਲਿਆ ਹੈ ਕਿ ਉਸ ਦੀ ਜ਼ਿੰਦਗੀ ਪਿੰਜਰੇ 'ਚ ਕੈਦ ਹੋਣੋਂ ਬਚ ਗਈ।

Scanned with CamScanner

ਖ਼ੂਨਦਾਨ ਮਹਾਂਦਾਨ

ਸਾਡਾ ਧਰਮ ਮਨੁੱਖਤਾ ਦੀ ਸੇਵਾ
R.N.G.O's
MOGA
ਮੋਗਾ

# World Blood Donor's Day

14th JUNE
WORLD
BLOOD DONOR
DAY

## ਵਿਸਵ ਖ਼ੂਨਦਾਤਾ ਦਿਵਸ ਦੇ ਮੌਕੇ ਤੇ

# ਵਿਸ਼ਾਲ ਖ਼ੂਨਦਾਨ ਕੈਂਪ

## 14 ਜੂਨ 2023 ਦਿਨ ਬੁੱਧਵਾਰ ਨੂੰ

## ਸਿਵਲ ਹਸਪਤਾਲ ਮੋਗਾ ਵਿਖੇ

ਇਸ ਵਿਸਾਲ ਕੈਂਪ ਵਾਸਤੇ ਫਲੈਕਸ ਸਪੋਸਰ ਕਰਨ ਅਤੇ ਇਸ ਕੈਂਪ ਵਾਸਤੇ ਕਿਸੇ ਵੀ ਤਰ੍ਹਾਂ ਦੀ ਸੇਵਾ ਨਿਭਾਉਣ ਵਾਲੇ ਦਾਨੀ ਸੱਜਣ ਸੰਪਰਕ ਕਰਨ।

**ਵੱਲੋਂ: ਜ਼ਿਲ੍ਹਾ ਰੂਰਲ ਐਨ.ਜੀ.ਓ. ਕਲੱਬਜ਼ ਐਸੋਸੀਏਸ਼ਨ ਸ਼ਹਿਰੀ ਯੂਨਿਟ ਮੋਗਾ**

*Media Sponser:*

International
ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
ਮਹਿਕ ਵਤਨ ਦੀ
'Mehak Watan Di Live' ਲਾਈਵ

ਚੀਫ ਪੈਟਰਨ: ਮਹਿੰਦਰਪਾਲ ਲੂੰਬਾ, ਚੇਅਰਮੈਨ: ਦਵਿੰਦਰਜੀਤ ਸਿੰਘ ਗਿੱਲ
ਜਿਲ੍ਹਾ ਪ੍ਰਧਾਨ: ਹਰਭਿੰਦਰ ਸਿੰਘ ਜਾਨੀਆ, ਸਿਟੀ ਪ੍ਰਧਾਨ: ਸੁਖਦੇਵ ਸਿੰਘ ਬਰਾੜ
ਮੀਤ ਪ੍ਰਧਾਨ (ਸ਼ਹਿਰੀ ਯੂਨਿਟ) : ਪ੍ਰਦੀਪ ਸ਼ਰਮਾ, ਜਿਲ੍ਹਾ ਪ੍ਰੈਸ ਸਕੱਤਰ: ਭਵਨਦੀਪ ਸਿੰਘ ਪੁਰਬਾ

**ਖ਼ੂਨਦਾਨ ਕਰਨ ਵਾਸਤੇ ਨਾਮ ਲਿਖਵਾਓ ਲਈ ਸੰਪਰਕ ਕਰੋ।**

**94172-30506, 94630-83327, 85580-56067, 81969-88875, 9988-92-9988**

Scanned with CamScanner




Owner, Publisher, Printer & Editor : Bhawandeep Singh Purba, Printed at : Mehak Watan Di Moga, Published from : 1195, Ajit Nagar Moga (Pb) Titel Regd No. PUNPUN 04016

Scanned with CamScanner